ਬੁੱਧਵਾਰ, 28 ਫਰਵਰੀ, 2024
16 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 269

ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 FEBRUARY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਆਪ ਨੇ 5 ਉਮੀਦਵਾਰ ਐਲਾਨੇ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ ਮੰਗਲਵਾਰ ਲੋਕ ਸਭਾ ਚੋਣਾਂ ਲਈ ਦਿੱਲੀ ਤੋਂ ਚਾਰ ਤੇ ਹਰਿਆਣਾ ਤੋਂ ਇਕ ਉਮੀਦਵਾਰ ਦੇ ਨਾਵਾਂ ਦਾ ਐਲਾਨ ਕਰ ਦਿੱਤਾ। ਨਵੀਂ ਦਿੱਲੀ ਤੋਂ ਸੋਮਨਾਥ ਭਾਰਤੀ, ਪੂਰਬੀ ਦਿੱਲੀ ਤੋਂ ਕੁਲਦੀਪ ਕੁਮਾਰ, ਦੱਖਣੀ ਦਿੱਲੀ ਤੋਂ ਸਹੀਰਾਮ ਪਹਿਲਵਾਨ (ਇਹ ਤਿੰਨੇ ਵਿਧਾਇਕ ਹਨ) ਤੇ ਪੱਛਮੀ ਦਿੱਲੀ ਤੋਂ ਸਾਬਕਾ ਸਾਂਸਦ ਮਹਾਬਲ ਮਿਸ਼ਰਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਹਰਿਆਣਾ ਦੇ ਕੁਰਕਸ਼ੇਤਰ ਤੋਂ ਸਾਬਕਾ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਉਮੀਦਵਾਰ ਬਣਾਏ ਗਏ ਹਨ। ਦਿੱਲੀ ਤੇ ਹਰਿਆਣਾ ਵਿਚ ਕਾਂਗਰਸ ਤੇ ਆਪ ਵਿਚਾਲੇ ਸੀਟਾਂ ਦੀ ਐਡਜਸਟਮੈਂਟ ਹੋਈ ਹੈ।

ਕੇਜਰੀਵਾਲ ਨੂੰ ਅੱਠਵਾਂ ਸੰਮਨ

ਨਵੀਂ ਦਿੱਲੀ : ਈ ਡੀ ਨੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਪੁੱਛ-ਪੜਤਾਲ ਲਈ ਅੱਠਵੀਂ ਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੰਮਨ ਜਾਰੀ ਕਰਕੇ ਚਾਰ ਮਾਰਚ ਨੂੰ ਪੇਸ਼ ਹੋਣ ਲਈ ਕਿਹਾ ਹੈ। ਕੇਜਰੀਵਾਲ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਉਨ੍ਹਾਂ ਨੂੰ ਭੇਜੇ ਜਾਂਦੇ ਸੰਮਨ ਗੈਰ-ਕਾਨੂੰਨੀ ਹਨ।

ਇਕ ਹੋਰ ਕਿਸਾਨ ਸ਼ਹੀਦ

ਪਟਿਆਲਾ : ਇਥੋਂ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਜ਼ੇਰੇ ਇਲਾਜ ਕਿਸਾਨ ਨੇ ਸੋਮਵਾਰ ਰਾਤ ਦਮ ਤੋੜ ਦਿੱਤਾ। 62 ਸਾਲਾ ਕਰਨੈਲ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਅਰਨੋ, ਜ਼ਿਲ੍ਹਾ ਪਟਿਆਲਾ ਦੀ ਪਿਛਲੇ ਦਿਨੀਂ ਖਨੌਰੀ ਬਾਰਡਰ 'ਤੇ ਹਰਿਆਣਾ ਪੁਲਸ ਵੱਲੋਂ ਸੁੱਟੇ ਅੱਥਰੂ ਗੈਸ ਦੇ ਗੋਲਿਆਂ ਕਾਰਨ ਤਬੀਅਤ ਖਰਾਬ ਹੋ ਗਈ ਸੀ। ਇਸ ਤਰ੍ਹਾਂ ਕਿਸਾਨ ਸੰਘਰਸ਼ ਦੌਰਾਨ ਮੌਤ ਦੇ ਮੂੰਹ ਜਾਣ ਵਾਲੇ ਕਿਸਾਨਾਂ ਦੀ ਗਿਣਤੀ 7 ਹੋ ਗਈ ਹੈ।

ਸਿੱਧੂ ਪ੍ਰਿਅੰਕਾ ਨੂੰ ਮਿਲੇ

ਪਟਿਆਲਾ : ਨਵਜੋਤ ਸਿੰਘ ਸਿੱਧੂ ਨੇ ਮੰਗਲਵਾਰ ਦਿੱਲੀ 'ਚ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ ਕੀਤੀ। ਸਿੱਧੂ ਨੇ ਆਪਣੇ ਐੱਕਸ ਹੈਂਡਲ ਅਕਾਊਂਟ 'ਤੇ ਲਿਖਿਆ—ਦਿੱਲੀ 'ਚ ਮੁਲਾਕਾਤ ਹੋਈ। ਇਸ ਮੁਲਾਕਾਤ ਦੌਰਾਨ ਸਕਾਰਾਤਮਕ ਵਿਚਾਰ-ਚਰਚਾ ਹੋਈ। ਦੇਖੋ—ਹੁਣ ਅੱਗੇ ਕੀ ਹੁੰਦਾ ਹੈ।

ਬੰਬ ਦੀ ਅਫਵਾਹ

ਨਵੀਂ ਦਿੱਲੀ : ਕੌਮਾਂਤਰੀ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਅਣਪਛਾਤੇ ਵਿਅਕਤੀ ਨੇ ਮੰਗਲਵਾਰ ਫੋਨ ਕਰਕੇ ਬੰਬ ਦੀ ਧਮਕੀ ਦਿੱਤੀ। ਸਵੇਰੇ 5.15 ਵਜੇ ਦਿੱਲੀ ਤੋਂ ਕੋਲਕਾਤਾ ਜਾਣ ਵਾਲੀ ਫਲਾਈਟ ਨੂੰ ਲੈ ਕੇ ਧਮਕੀ ਵਾਲਾ ਫੋਨ ਆਇਆ। ਜਹਾਜ਼ ਰਵਾਨਾ ਹੋਣ ਵਾਲਾ ਸੀ। ਜਾਂਚ ਦੌਰਾਨ ਕਾਲ ਫਰਜ਼ੀ ਪਾਈ ਗਈ।

ਕਸ਼ਮੀਰ 'ਚ ਬਰਫਬਾਰੀ

ਸ੍ਰੀਨਗਰ : ਗੁਲਮਰਗ ਦੇ ਮਸ਼ਹੂਰ ਸਕੀ ਰਿਜ਼ਾਰਟ, ਸੋਨਮਰਗ ਤੇ ਪਹਿਲਗਾਮ ਦੇ ਸੈਰ-ਸਪਾਟੇ ਵਾਲੇ ਰਿਜ਼ਾਰਟ ਅਤੇ ਕੋਕਰਨਾਗ ਸਮੇਤ ਕਸ਼ਮੀਰ ਦੇ ਮੱਧ ਅਤੇ ਉੱਚੇ ਖੇਤਰਾਂ 'ਚ ਬਰਫਬਾਰੀ ਜਾਰੀ ਸੀ। ਸ੍ਰੀਨਗਰ ਸਮੇਤ ਘਾਟੀ ਦੇ ਮੈਦਾਨੀ ਇਲਾਕਿਆਂ 'ਚ ਬਾਰਸ਼ ਹੋਈ।

ਐੱਨ ਆਈ ਏ ਵੱਲੋਂ ਪੰਜਾਬ 'ਚ 14 ਟਿਕਾਣਿਆਂ 'ਤੇ ਛਾਪੇ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਖਾਲਿਸਤਾਨੀਆਂ ਅਤੇ ਸੰਗਠਤ ਅਪਰਾਧੀਆਂ ਦੇ ਗਠਜੋੜ ਖਿਲਾਫ ਚੱਲ ਰਹੀ ਆਪਣੀ ਜਾਂਚ ਤਹਿਤ ਪੰਜਾਬ ਅਤੇ ਰਾਜਸਥਾਨ ਦੇ 16 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਛੇ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ 'ਚ ਲਿਆ। ਪੰਜਾਬ 'ਚ 14 ਅਤੇ ਰਾਜਸਥਾਨ 'ਚ ਦੋ ਥਾਈਂ ਛਾਪੇ ਮਾਰੇ ਗਏ। ਬਠਿੰਡਾ ਜ਼ਿਲ੍ਹੇ ਦੇ ਪਿੰਡ ਡੂਮਵਾਲੀ ਵਿਖੇ 'ਆਪ' ਦੇ ਬਲਾਕ ਪ੍ਰਧਾਨ ਅਤੇ ਸੁਪਰਬ ਮੈਰਿਜ ਪੈਲਸ ਦੇ ਮਾਲਕ ਗੁਰਵਿੰਦਰ ਸਿੰਘ ਸਿੱਧੂ ਦੇ ਘਰ ਛਾਪਾ ਮਾਰ ਕੇ ਕਰੀਬ ਦੋ ਘੰਟੇ ਜਾਂਚ ਕੀਤੀ ਗਈ। 'ਆਪ' ਆਗੂ ਨੇ ਦੱਸਿਆ ਕਿ ਜਾਂਦੇ ਸਮੇਂ ਟੀਮ ਅਧਿਕਾਰੀਆਂ ਨੇ ਕਿਹਾ ਕਿ ਉਹ ਕੁਝ ਇਤਰਾਜ਼ਯੋਗ ਮਿਲਣ ਦੀ ਸੂਚਨਾ ਦੇ ਆਧਾਰ 'ਤੇ ਪੁੱਜੇ ਸਨ। ਇਸ ਤੋਂ ਇਲਾਵਾ ਪਿੰਡ ਪਥਰਾਲਾ ਵਿਖੇ ਵੀ ਕਾਰ ਡੀਲਰ ਦੇ ਘਰ ਛਾਪੇਮਾਰੀ ਕੀਤੀ ਗਈ। ਪੁੱਛਗਿੱਛ ਦੀ ਜਾਣਕਾਰੀ ਮੁਤਾਬਕ ਟੀਮ ਨੂੰ ਦੋਵਾਂ ਘਰਾਂ ਵਿਚ ਕੋਈ ਇਤਰਾਜ਼ਯੋਗ ਨਹੀਂ ਮਿਲਿਆ।

ਸੁੱਖੂ ਸਰਕਾਰ ਪਹਾੜ ਥੱਲੇ

9 ਬਟੇਰੇ ਖਿਸਕਣ ਕਾਰਨ ਭਾਜਪਾ ਉਮੀਦਵਾਰ ਰਾਜ ਸਭਾ ਲਈ ਚੁਣਿਆ ਗਿਆ

ਸ਼ਿਮਲਾ : ਹਿਮਾਚਲ ਵਿਚ ਕਾਂਗਰਸ ਨੂੰ ਤਕੜਾ ਝਟਕਾ ਲੱਗਾ, ਜਦੋਂ ਉਹ ਮੰਗਲਵਾਰ 68 ਮੈਂਬਰੀ ਅਸੰਬਲੀ ਵਿਚ 40 ਵਿਧਾਇਕ ਹੋਣ ਦੇ ਬਾਵਜੂਦ ਆਪਣੇ ਉਮੀਦਵਾਰ ਅਭਿਸ਼ੇਕ ਮਨੂੰ ਸਿੰਘਵੀ ਨੂੰ ਰਾਜ ਸਭਾ ਦੀ ਚੋਣ ਨਹੀਂ ਜਿਤਾ ਸਕੀ। ਇਸ ਚੋਣ ਨੇ ਸੁਖਵਿੰਦਰ ਸਿੰਘ ਸੁੱਖੂ ਦੀ ਸਰਕਾਰ ਖਤਰੇ ਵਿਚ ਪਾ ਦਿੱਤੀ ਹੈ। ਭਾਜਪਾ ਵਲੋਂ ਮੰਗ ਕਰਨ 'ਤੇ ਸੁੱਖੂ ਨੂੰ ਬਹੁਮਤ ਸਾਬਤ ਕਰਨਾ ਆਸਾਨ ਨਹੀਂ ਹੋਵੇਗਾ। ਕਾਂਗਰਸ ਦੇ 6 ਤੇ 3 ਆਜ਼ਾਦ ਵਿਧਾਇਕਾਂ ਵੱਲੋਂ ਕਰਾਸ ਵੋਟਿੰਗ ਕਰਨ ਕਰਕੇ ਸਿੰਘਵੀ ਤੇ ਭਾਜਪਾ ਦੇ ਹਰਸ਼ ਮਹਾਜਨ ਨੂੰ 34-34 ਵੋਟਾਂ ਪਈਆਂ। ਫਿਰ ਪਰਚੀ ਕੱਢੀ ਗਈ, ਜਿਸ ਵਿਚ ਮਹਾਜਨ ਜੇਤੂ ਰਹੇ। ਅਸੰਬਲੀ ਵਿਚ ਭਾਜਪਾ ਦੇ 25 ਮੈਂਬਰ ਹਨ। ਤਿੰਨ ਆਜ਼ਾਦ ਹਨ। ਭਾਜਪਾ ਨੇ ਸੀਟ ਨਿਕਲਦੀ ਨਾ ਹੋਣ ਦੇ ਬਾਵਜੂਦ ਮਹਾਜਨ ਨੂੰ ਉਮੀਦਵਾਰ ਬਣਾਇਆ। ਇਸ ਆਸ ਨਾਲ ਕਿ ਕਾਂਗਰਸੀ ਵਿਧਾਇਕ ਟੁੱਟ ਜਾਣਗੇ। ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਜੈ ਰਾਮ ਠਾਕੁਰ ਨੇ ਵੋਟਾਂ ਦੀ ਗਿਣਤੀ ਦੌਰਾਨ ਦੋਸ਼ ਲਾਇਆ ਕਿ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਾਂਗਰਸ ਵਿਧਾਇਕ ਸੁਦਰਸ਼ਨ ਬਬਲੂ ਨੂੰ ਹੁਸ਼ਿਆਰਪੁਰ ਦੇ ਹਸਪਤਾਲ ਤੋਂ ਲਿਆਉਣ ਲਈ ਆਪਣਾ ਹੈਲੀਕਾਪਟਰ ਭੇਜ ਕੇ ਅਾਦਰਸ਼

ਹਰਸ਼ ਮਹਾਜਨ

● ਬਾਕੀ ਸਫ਼ਾ 2 'ਤੇ

ਗਦਰੀ ਬਾਬਿਆਂ ਦੀ ਸੋਚ ਵਾਲਾ ਸਮਾਜ ਸਿਰਜਣ ਲਈ ਲੋਕਾਂ ਨੂੰ ਜਥੇਬੰਦ ਕਰਨ ਦਾ ਸੱਦਾ

ਖਡੂਰ ਸਾਹਿਬ : ਗ਼ਦਰੀ ਦੇਸ਼ ਭਗਤ ਬਾਬਾ ਸ਼ੇਰ ਸਿੰਘ ਵੇਈਂਪੂਈਂ ਦੀ ਸਾਲਾਨਾ ਬਰਸੀ 'ਤੇ ਉਨ੍ਹਾ ਦੇ ਪਿੰਡ ਵਿਖੇ ਸੀ ਪੀ ਆਈ ਵੱਲੋਂ ਪਿੰਡ ਦੀ ਪੰਚਾਇਤ ਦੇ ਸਰਪੰਚ ਬਲਜੀਤ ਸਿੰਘ, ਹਰਜਿੰਦਰ ਸਿੰਘ ਰਾਜਨ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇੰਦਰਜੀਤ ਰੂਪੋਵਾਲੀ ਵੱਲੋਂ ਨਾਟਕ ਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ ਗਈਆਂ। ਪ੍ਰਧਾਨਗੀ ਬਾਬਾ ਸ਼ੇਰ ਸਿੰਘ ਦੇ ਦੋਹਤੇ ਮਨਿੰਦਰ ਸਿੰਘ ਉਰਫ਼ ਮੰਨਾ, ਭਗਵੰਤ ਸਿੰਘ ਤੇ ਬੀਬੀ ਸੰਤੋਖ ਕੌਰ ਵੇਈਂਪੂਈਂ, ਬਲਰਾਜ ਉਰਫ ਮੰਗਾ ਤੇ ਦਰਸ਼ਨ ਸਿੰਘ ਬਿਹਾਰੀਪੁਰ ਨੇ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਹੀ ਹਿੰਦੁਸਤਾਨ ਆਜ਼ਾਦ ਹੋਇਆ, ਪਰ

● ਬਾਕੀ ਸਫ਼ਾ 2 'ਤੇ

ਬਾਬਾ ਰਾਮਦੇਵ ਦੇ ਕੌਤਕਾਂ ਨੇ ਸੁਪਰੀਮ ਕੋਰਟ ਨੂੰ ਗੁੱਸਾ ਚੜ੍ਹਾਇਆ

ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਕਰਨ 'ਤੇ ਪਤੰਜਲੀ ਤੇ ਬਾਲਕ੍ਰਿਸ਼ਨ ਨੂੰ ਹੱਤਕ ਅਦਾਲਤ ਦਾ ਨੋਟਿਸ, ਕੇਂਦਰ ਦੇ ਅੱਖਾਂ ਮੀਟੀ ਰੱਖਣ 'ਤੇ ਵੀ ਸਖਤ ਨਾਰਾਜ਼ਗੀ ਦਾ ਇਜ਼ਹਾਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਉਸ ਦੇ ਪਹਿਲੇ ਹੁਕਮ ਦੀ ਉਲੰਘਣਾ ਕਰਕੇ ਦਵਾਈਆਂ ਦੀ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਜਾਰੀ ਰੱਖਣ 'ਤੇ ਮੰਗਲਵਾਰ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਆਯੁਰਵੈਦ ਤੇ ਉਸ ਦੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਨੂੰ ਹੱਤਕ ਅਦਾਲਤ ਦਾ ਨੋਟਿਸ ਜਾਰੀ ਕੀਤਾ।

ਕੋਰਟ ਨੇ ਪਤੰਜਲੀ ਨੂੰ ਦਿਲ ਦੀਆਂ ਬਿਮਾਰੀਆਂ ਤੇ ਦਮੇ ਦਾ ਇਲਾਜ ਕਰਨ ਦਾ ਦਾਅਵਾ ਕਰਨ ਵਾਲੇ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਤੋਂ ਵੀ ਰੋਕ ਦਿੱਤਾ ਹੈ। ਕੋਰਟ ਨੇ ਇਹ ਵੀ ਕਿਹਾ ਹੈ ਕਿ ਪਤੰਜਲੀ ਜਾਂ ਇਸ ਦੇ ਅਧਿਕਾਰੀ ਕਿਸੇ ਵੀ ਮੈਡੀਕਲ ਸਿਸਟਮ ਖਿਲਾਫ ਹਰ ਤਰ੍ਹਾਂ ਦੇ ਮੀਡੀਏ ਵਿਚ ਕੋਈ ਜਨਤਕ ਬਿਆਨ ਨਹੀਂ ਦੇ ਸਕਦੇ। ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਦਾਇਰ ਰਿੱਟ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਹਿਮਾ ਕੋਹਲੀ ਤੇ ਜਸਟਿਸ ਅਹਿਸਾਨੁੱਲ੍ਹਾ ਅਮਾਨੁੱਲ੍ਹਾ ਦੀ ਬੈਂਚ ਨੇ ਪਤੰਜਲੀ ਦੇ ਸਾਰੇ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ 'ਤੇ ਰੋਕ ਲਾ ਦਿੱਤੀ, ਪਰ ਫਿਰ ਇਹ ਵਿਚਾਰ ਕਰਦਿਆਂ ਕਿ ਪਤੰਜਲੀ ਕਈ ਉਤਪਾਦ ਬਣਾਉਂਦੀ ਹੈ ਤੇ ਇਸ ਪਾਬੰਦੀ ਦਾ ਉਸ ਦੇ ਬਿਜ਼ਨਸ ਹਿੱਤਾਂ 'ਤੇ ਮਾਰੂ ਅਸਰ ਪਵੇਗਾ, ਬੈਂਚ ਨੇ ਪਾਬੰਦੀ ਨੂੰ ਫਿਲਹਾਲ ਡਰੱਗਜ਼ ਐਂਡ ਮੈਜ਼ਿਕ ਰੈਮੇਡੀਜ਼ (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਐਕਟ 1954 ਤਹਿਤ ਆਉਂਦੇ ਉਤਪਾਦਾਂ ਤੱਕ ਸੀਮਤ ਕਰ ਦਿੱਤਾ।

● ਬਾਕੀ ਸਫ਼ਾ 2 'ਤੇ

ਸਮਰਾ ਰੋਡਵੇਜ਼ ਕਾਮਿਆਂ ਹੀ ਨਹੀਂ, ਸਗੋਂ ਸਮੁੱਚੀ ਮਜ਼ਦੂਰ ਜਮਾਤ ਦੇ ਆਗੂ ਸਨ

ਜਲੰਧਰ (ਰਾਜੇਸ਼ ਬਾਘਾ) ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਬਾਨੀ ਕਾਮਰੇਡ ਜਸਵੰਤ ਸਿੰਘ ਸਮਰਾ ਦੀ 20 ਵੀਂ ਬਰਸੀ ਜਸਵੰਤ ਸਿੰਘ ਸਮਰਾ ਹਾਲ ਦੇ ਵਿਹੜੇ ਵਿੱਚ ਇਨਕਲਾਬੀ ਜੋਸ਼-ਖਰੋਸ਼ ਨਾਲ ਮਨਾਈ ਗਈ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਕਾਮਰੇਡ ਜਗਰੂਪ ਨੇ ਕਾਮਰੇਡ ਜਸਵੰਤ ਸਿੰਘ ਸਮਰਾ ਨਾਲ ਬਿਤਾਏ ਇਤਿਹਾਸਕ ਪਲਾਂ ਨੂੰ ਯਾਦ ਕਰਦਿਆਂ ਕਿਹਾ ਕਿ ਕਾਮਰੇਡ ਸਮਰਾ ਸਿਰਫ ਪੰਜਾਬ ਰੋਡਵੇਜ਼ ਦੇ ਆਗੂ ਹੀ ਨਹੀਂ, ਸਗੋਂ ਸਮੁੱਚੀ ਮਜ਼ਦੂਰ ਜਮਾਤ ਦੇ ਵੀ ਲੀਡਰ ਸਨ? ਕਾਮਰੇਡ ਸਮਰਾ ਅਤੇ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਜੋੜੀ ਨੇ ਅਨੇਕਾਂ ਪ੍ਰਾਪਤੀਆਂ ਮਜ਼ਦੂਰ ਜਮਾਤ ਦੀ ਝੋਲੀ ਵਿੱਚ ਪਾਈਆਂ। ਅਜਿਹੇ ਸੂਝਵਾਨ

● ਬਾਕੀ ਸਫ਼ਾ 2 'ਤੇ

ਗਗਨਯਾਨ ਮਿਸ਼ਨ ਦੇ ਚਾਰ ਯਾਤਰੀਆਂ ਦੇ ਨਾਵਾਂ ਦਾ ਐਲਾਨ

ਤਿਰੁਅਨੰਤਪੁਰਮ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਗਨਯਾਨ ਮਿਸ਼ਨ ਲਈ ਚੁਣੇ ਚਾਰ ਯਾਤਰੀਆਂ ਦੇ ਨਾਵਾਂ ਦਾ ਸੋਮਵਾਰ ਇੱਥੇ ਖੁਲਾਸਾ ਕੀਤਾ। ਉਨ੍ਹਾ ਦੱਸਿਆ ਕਿ ਇਤਿਹਾਸ ਲਿਖਣ ਵਾਲੇ ਇਹ ਯਾਤਰੀ ਹਨ ਪ੍ਰਸ਼ਾਂਤ ਨਾਇਰ, ਅੰਗਦ ਪ੍ਰਤਾਪ, ਅਜੀਤ ਕ੍ਰਿਸ਼ਨਨ ਅਤੇ ਸੁਭਾਂਸ਼ੂ ਸ਼ੁਕਲਾ। ਮੋਦੀ ਨੇ ਕਿਹਾ ਕਿ ਇਹ ਪੁਲਾੜ ਯਾਤਰੀ ਚਾਰ ਸ਼ਕਤੀਆਂ ਹਨ, ਜੋ 1.4 ਅਰਬ ਲੋਕਾਂ ਦੀਆਂ ਆਸਾਂ ਨੂੰ ਦਰਸਾਉਂਦੇ ਹਨ।

ਤਿੰਨ ਮਹੀਨਿਆਂ ਦੀ ਤਨਖਾਹ ਨਾ ਮਿਲਣ 'ਤੇ ਹਾਕੀ ਇੰਡੀਆ ਦੀ ਸੀ ਈ ਓ ਵੱਲੋਂ ਅਸਤੀਫਾ

ਨਵੀਂ ਦਿੱਲੀ : ਹਾਕੀ ਇੰਡੀਆ ਨੂੰ ਸ਼ਰਮਸ਼ਾਰ ਹੋਣਾ ਪਿਆ, ਜਦੋਂ ਕੁਝ ਮਹੀਨਿਆਂ ਦੇ ਬਕਾਏ ਦਾ ਭੁਗਤਾਨ ਨਾ ਹੋਣ ਕਰਕੇ ਉਸ ਦੀ ਸੀ ਈ ਓ ਐਲੀਨਾ ਨੌਰਮਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਹ ਆਸਟਰੇਲੀਅਨ ਕਰੀਬ 13 ਸਾਲਾਂ ਤੋਂ ਇਸ ਅਹੁਦੇ 'ਤੇ ਸੀ। ਨੌਰਮਨ ਦਾ ਅਸਤੀਫਾ ਭਾਰਤੀ ਮਹਿਲਾ ਹਾਕੀ ਟੀਮ ਦੀ ਮੁੱਖ ਕੋਚ ਜੈਨੇਕੇ ਸ਼ੋਪਮੈਨ ਦੇ ਕੁਝ ਦਿਨ ਬਾਅਦ ਆਇਆ ਹੈ, ਜਿਸ ਨੇ ਦਾਅਵਾ ਕੀਤਾ ਸੀ ਕਿ ਕੌਮੀ ਫੈਡਰੇਸ਼ਨ ਵੱਲੋਂ ਉਸ ਦੀ ਕਦਰ ਨਹੀਂ ਕੀਤੀ ਗਈ। ਨੌਰਮਨ ਦਾ ਅਸਤੀਫਾ ਸੰਸਥਾ ਲਈ ਇਕ ਹੋਰ ਝਟਕਾ ਹੈ। ਸੂਤਰ ਨੇ ਕਿਹਾ ਕਿ ਨੌਰਮਨ ਪਿਛਲੇ ਤਿੰਨ ਮਹੀਨਿਆਂ ਤੋਂ ਆਪਣੇ ਬਕਾਏ ਦਾ ਭੁਗਤਾਨ ਨਾ ਕੀਤੇ ਜਾਣ ਤੋਂ ਪ੍ਰੇਸ਼ਾਨ ਸੀ। ਉਹ ਕੰਮ ਦੇ ਮਾਹੌਲ ਤੋਂ ਵੀ ਨਾਖੁਸ਼ ਸੀ।

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਤੇ ਜਨਰਲ ਸਕੱਤਰ ਦੀ ਹਾਈ ਕੋਰਟ ਵੱਲੋਂ ਤਕੜੀ ਖਿਚਾਈ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਵੱਲੋਂ ਕਮੇਟੀ ਦੇ 12 ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਦੇ ਬਕਾਏ ਦੇਣ 'ਚ ਨਾਕਾਮ ਰਹਿਣ ਕਰਕੇ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਕਿਉਂ ਨਾ ਉਨ੍ਹਾਂ ਨੂੰ ਦਿੱਲੀ ਕਮੇਟੀ ਦੇ ਅਹੁਦਿਆਂ ਤੋਂ ਹਟਾ ਦਿੱਤਾ ਜਾਵੇ। ਜੱਜ ਨਵੀਨ ਚਾਵਲਾ ਨੇ ਕਮੇਟੀ ਅਧੀਨ ਖਾਲਸਾ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਯਕੀਨੀ ਬਣਾਉਣ ਲਈ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਸਾਇਟੀ ਦੀ

● ਬਾਕੀ ਸਫ਼ਾ 2 'ਤੇ

ਬੰਟੀ ਬੈਂਸ ਵਾਲ-ਵਾਲ ਬਚਿਆ

ਮੁਹਾਲੀ : ਫਾਇਰਿੰਗ ਤੋਂ ਪਹਿਲਾਂ ਰੈਸਟੋਰੈਂਟ ਵਿੱਚੋਂ ਨਿਕਲ ਆਉਣ ਕਰਕੇ ਗੀਤਕਾਰ ਤੇ ਮਿ

28-FEB-PAGE-1.qxd 2/27/2024 9:40 PM Page 2

ਸ਼ੰਭੂ ਬਾਰਡਰ ਲਈ ਕਿਸਾਨਾਂ ਦਾ ਪਹਿਲਾ ਜਥਾ ਕੀਤਾ ਰਵਾਨਾ

ਕੋਟ ਈਸੇ ਖਾਂ (ਅਰੋੜਾ)-ਕੇਂਦਰ ਸਰਕਾਰ ਤੋਂ ਆਪਣੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਨ ਵਾਸਤੇ, ਦਿੱਲੀ ਜਾ ਰਹੇ ਕਿਸਾਨਾਂ ਨਾਲ ਸਹਿਯੋਗ ਕਰਨ ਵਾਸਤੇ, ਗੁਰਦੁਆਰਾ ਗੁਰੂਸਰ ਸਾਹਿਬ (ਪਾਤਸ਼ਾਹੀ ਛੇਵੀਂ) ਖੋਸਾ ਕੋਟਲਾ ਤੋਂ ਸੰਤ ਗਿਆਨੀ ਗੁਰਮੀਤ ਸਿੰਘ ਵਾਤਾਵਰਨ ਪ੍ਰੇਮੀ ਅਤੇ ਬਾਬਾ ਹਰਚੰਦ ਸਿੰਘ ਦੇ ਆਸ਼ੀਰਵਾਦ ਨਾਲ ਪਹਿਲਾ ਜੱਥਾ ਸ਼ੰਭੂ ਬਾਰਡਰ ਲਈ ਰਵਾਨਾ ਹੋਇਆ। ਗਿਆਨੀ ਗੁਰਮੀਤ ਸਿੰਘ ਜੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਲੜਾਈ ਇਕੱਲੀ ਐਮ ਐਸ ਪੀ ਦੀ ਨਹੀਂ ਹੈ, ਸਗੋਂ ਵਿਸ਼ਵ ਵਪਾਰ ਸੰਸਥਾ ਚੋਂ ਬਾਹਰ ਕੱਢਣ ਦੀ ਵੀ ਲੜਾਈ ਹੈ। ਜਿਸ ਤਹਿਤ ਵੱਡੇ ਕਾਰਪੋਰੇਟ ਘਰਾਣੇ ਕਿਸਾਨਾਂ ਦੀ ਖੇਤੀ ਵਾਲੀ ਜ਼ਮੀਨ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਬੇਜ਼ਮੀਨਾ ਕਰਨ ਦੀਆਂ ਨੀਤੀਆਂ 'ਤੇ ਕੰਮ ਕੀਤਾ ਜਾ ਰਿਹਾ ਹੈ।ਜਿਸ ਕਾਰਨ ਸਾਨੂੰ ਵੱਧ ਤੋਂ ਵੱਧ ਐਸ ਕੇ ਐਮ ਤੇ ਕਿਸਾਨ ਮਜ਼ਦੂਰ ਮੋਰਚਾ ਦਾ ਸਾਥ ਦਿੰਦੇ ਹੋਏ ਵੱਧ ਤੋਂ ਵੱਧ ਗਿਣਤੀ ਵਿੱਚ ਬਾਰਡਰ ਤੇ ਪਹੁੰਚਣਾ ਚਾਹੀਦਾ ਹੈ। ਇਸ ਸਮੇਂ ਰਵਾਨਾ ਹੋਣ ਵਾਲੇ ਜਥੇ ਵਿੱਚ ਮਿੱਠੂ ਸਿੰਘ ਸੇਖੇ ਵਾਲੇ, ਪ੍ਰਧਾਨ ਗੁਰਜੰਟ ਸਿੰਘ ਮਨਜਿੰਦਰ ਸਿੰਘ ਘੋਗੀ, ਲਾਲਜੀਤ ਸਿੰਘ, ਬਾਬਾ ਰਵਿੰਦਰ ਸਿੰਘ ਜੋਨੀ , ਬੰਟੀ ਸਿੰਘ, ਪਾਲਾ ਸਿੰਘ, ਜੰਗੀਰ ਸਿੰਘ, ਕਾਲਟੀ ਆਦਿ ਕਿਸਾਨ ਹਾਜ਼ਰ ਸਨ ।

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਧਰਮਕੋਟ ਦੀ ਮੀਟਿੰਗ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਧਰਮਕੋਟ ਦੀ ਮੀਟਿੰਗ ਕਾਲੇ ਦੇ ਢਾਬੇ ਤੇ ਸਪਰਸਤ ਡਾਕਟਰ ਮੇਜਰ ਸਿੰਘ ਫਤਿਹਗੜ੍ਹ ਬਲਾਕ ਪ੍ਰਧਾਨ ਡਾਕਟਰ ਹਰਮੀਤ ਸਿੰਘ ਲਾਡੀ ਹੋਸਪਿਟਲ ਮੋਗਾ ਦੇ ਡਾਕਟਰ ਯਾਦਵਿੰਦਰ ਸਿੰਘ ਐਮ ਡੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਹੋਸਪਿਟਲ ਦੀਆਂ ਸਹੂਲਤਾਂ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਡਾਕਟਰ ਸਾਥੀਆਂ ਨਾਲ ਸਾਂਝੀ ਕੀਤੀ। ਇਸ ਮੀਟਿੰਗ 'ਚ ਬਲਾਕ ਪ੍ਰਧਾਨ ਡਾ. ਹਰਮੀਤ ਸਿੰਘ ਲਾਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਨਸ਼ੇ ਵੇਚਣ ਵਾਲੇ ਡਾਕਟਰ ਨੂੰ ਆਪਣੀ ਮੈਂਬਰਸ਼ਿਪ 'ਚ ਸ਼ਾਮਲ ਨਹੀਂ ਕਰਦੇ। ਜੋ ਵੀ ਡਾਕਟਰ ਸਾਥੀ ਨਵੀਂ ਮੈਂਬਰਸ਼ਿਪ ਲੈਂਦਾ ਹੈ ਅਸੀਂ ਪੰਚਾਇਤ ਤੋਂ ਮਤਾ ਪਵਾ ਕੇ ਉਸ ਨੂੰ ਸ਼ਾਮਲ ਕਰਦੇ ਹਾਂ। ਪਿੰਡ ਦੇ ਸਰਪੰਚ ਨੰਬਰਦਾਰ ਤੋਂ ਪੁੱਛਿਆ ਜਾਂਦਾ ਹੈ ਕਿ ਇਹ ਡਾਕਟਰ ਸਾਥੀ ਨਸ਼ਾ ਤਾਂ ਨਹੀ ਵੇਚਦਾ, ਸਾਫ ਸੁਥਰੀ ਪ੍ਰੈਕਟਿਸ ਕਰ ਰਿਹਾ ਹੈ ਫਿਰ ਉਸ ਨੂੰ ਮੈਂਬਰਸ਼ਿਪ ਦੇ ਕੇ ਜਥੇਬੰਦੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਡਾਕਟਰ ਮੇਜਰ ਸਿੰਘ ਫਤਿਹਗੜ੍ਹ, ਡਾ. ਦਰਬਾਰਾ ਸਿੰਘ ਨੇ ਕਿਹਾ ਕਿ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਚੋਣ ਤੋਂ ਪਹਿਲਾਂ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਅਸੀਂ ਤੁਹਾਡੀਆਂ ਮੰਗਾਂ ਨੂੰ ਪੂਰਾ ਕਰਾਂਗੇ। ਪੰਜਾਬ ਸਰਕਾਰ ਨੂੰ ਦੋ ਸਾਲ ਬੀਤ ਜਾਣ 'ਤੇ ਵੀ ਸਾਡੀ ਸਰਕਾਰ ਨੇ ਅਜੇ ਤੱਕ ਕੋਈ ਸਾਰ ਨਹੀਂ ਲਈ। ਇਸ ਦੌਰਾਨ ਡਾਕਟਰ ਹਰਬੰਸ ਸਿੰਘ ਕੋਟ ਨੇ ਸੰਬੋਧਨ ਕਰਦਿਆਂ ਕਿਹਾ ਜਥੇਬੰਦੀ ਮੈਂਬਰਾਂ ਨੂੰ ਲਾਮਬੱਧ ਹੋ ਕੇ ਰਹਿਣਾ ਚਾਹੀਦਾ ਹੈ। ਇਸ ਮੌਕੇ ਤੇ ਗੁਰਵਿੰਦਰ ਸਿੰਘ ਪੰਡੋਰੀ, ਸੁਰਜੀਤ ਸਿੰਘ ਪੰਡੋਰੀ, ਹਰਪ੍ਰੀਤ ਬਾਵਾ, ਕੁਲਦੀਪ ਸਿੰਘ ਕਮਾਲਕੇ, ਸਤ ਭਾਗ ਸਿੰਘ ਬੱਡੂਵਾਲ, ਤਰਸੇਮ ਸਿੰਘ ਰੋੜਵਾ, ਜਸਬੀਰ ਸਿੰਘ ਫਤਿਹਗੜ੍ਹ, ਕੈਸ਼ੀਅਰ ਅਨਿਲ ਕੁਮਾਰ, ਭਿੰਡਰ ਡਾਕਟਰ ਬੰਗਾਲੀ, ਭਿੰਡਰ ਕਲਾ ਕੁਸਮ ਆਦਿ ਮੈਂਬਰ ਹਾਜ਼ਰ ਸਨ।

ਵਿਦਿਆਰਥਣਾਂ ਨੂੰ ਨਵੀਂ ਵੋਟ ਬਣਵਾਉਣ ਤੇ ਵੋਟ ਦੀ ਮਹੱਤਤਾ ਬਾਰੇ ਦਿੱਤੀ ਜਾਣਕਾਰੀ

ਮਾਨਸਾ (ਆਤਮਾ ਸਿੰਘ ਪਮਾਰ)-ਚੋਣ ਕਮਿਸ਼ਨ ਦੀ ਵੋਟਰ ਜਾਗਰੂਕਤਾ ਮੁਹਿੰਮ ਸਵੀਪ ਤਹਿਤ 096 ਮਾਨਸਾ ਹਲਕਾ ਅਧੀਨ ਆਉਂਦੇ ਸਰਕਾਰੀ ਸੈਕੰਡਰੀ ਸਕੂਲ ਕੰਨਿਆ ਮਾਨਸਾ ਵਿਖੇ ਵਿਦਿਆਰਥਣਾਂ ਨੂੰ ਚੋਣ ਪ੍ਰਣਾਲੀ ਬਾਰੇ ਜਾਣਕਾਰੀ ਦਿੱਤੀ ਗਈ।ਸਵੀਪ ਨੋਡਲ ਅਫ਼ਸਰ ਵਿਧਾਨ ਸਭਾ ਹਲਕਾ ਮਾਨਸਾ ਜਗਜੀਵਨ ਸਿੰਘ ਆਲੀਕੇ ਨੇ ਯੋਗ ਵਿਦਿਆਰਥਣਾਂ ਨੂੰ ਨਵੀਂ ਵੋਟ ਬਣਾਉਣ ਅਤੇ ਵੋਟਰ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਪਰਵਾਰਾਂ ਸਮੇਤ ਸੌ ਫ਼ੀਸਦੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵੋਟ ਦੀ ਮਹੱਤਤਾ ਸਾਂਝੀ ਕਰਦੇ ਹੋਏ ਦੱਸਿਆ ਕਿ ਭਾਰਤ ਦੇ 18 ਸਾਲ ਤੋਂ ਉੱਪਰ ਹਰੇਕ ਨਾਗਰਿਕ ਦੀ ਇੱਕ ਹੀ ਵੋਟ ਹੈ ਜੋ ਬਰਾਬਰਤਾ ਦਾ ਵੱਡਾ ਸਬੂਤ ਹੈ।ਸਕੂਲ ਦੇ ਪੰਜਾਬੀ ਅਧਿਆਪਕ ਡਾ. ਵਿਨੋਦ ਮਿੱਤਲ ਨੇ ਵਿਦਿਆਰਥਣਾਂ ਨੂੰ ਵੱਧ ਤੋਂ ਵੱਧ ਚੋਣ ਪ੍ਰਣਾਲੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।ਸਕੂਲ ਇੰਚਾਰਜ ਗੁਰਸਿਮਰ ਕੌਰ ਨੇ ਵਿਸ਼ਵਾਸ ਦਿਵਾਇਆ ਕਿ ਸਕੂਲ ਵੱਲੋਂ ਸਵੀਪ ਮੁਹਿੰਮ ਨੂੰ ਭਰਵਾਂ ਸਹਿਯੋਗ ਦਿੱਤਾ ਜਾਵੇਗਾ।

ਗੁਰੂ ਰਵਿਦਾਸ ਦਾ ਪੋਸਟਰ ਪਾੜਿਆ

ਦੋਰਾਹਾ (ਹਰਮਿੰਦਰ ਸੇਠ)-ਪੂਰੇ ਦੇਸ਼ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਉੱਥੇ ਹੀ ਵਿਰੋਧੀ ਲੋਕ ਲਗਾਤਾਰ ਗੁਰੂ ਰਵਿਦਾਸ ਦੇ ਸਮਾਜ ਨੂੰ ਟਾਰਗੇਟ ਕਰ ਰਹੇ ਹਨ, ਇਸ ਦੀ ਵੱਡੀ ਉਦਾਹਰਣ ਪਿੰਡ ਦੋਰਾਹਾ ਦੀ ਹੈ, ਜਿਥੇ ਗੁਰਪੁਰਬ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਪੋਸਟਰ ਪਾੜ ਕੇ ਉਨ੍ਹਾਂ ਦੀ ਫੋਟੋ ਗਾਇਬ ਕਰ ਦਿੱਤੀ ਗਈ ਜਿਸ ਸਬੰਧੀ ਪੁਲਿਸ ਤਫਤੀਸ਼ ਕਰ ਹੀ ਰਹੀ ਸੀ , ਬੇਖੌਫ ਸਮਾਜ ਵਿਰੋਧੀ ਅਨਸਰਾਂ ਨੇ ਦੁਬਾਰਾ ਫਿਰ ਪੋਸਟਰ ਪਾੜ ਦਿੱਤੇ,ਜਿਸ ਕਾਰਨ ਸਮਾਜ ਵਿੱਚ ਗੁੱਸੇ ਦੀ ਲਹਿਰ ਹੈ, ਇਸ ਸੰਬਧੀ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਅਤੇ ਪਿੰਡ ਅਤੇ ਗੁਰੂ ਰਵਿਦਾਸ ਕਮੇਟੀ ਮੈਂਬਰ ਪ੍ਰਧਾਨ ਜਗਜੀਵਨ ਸਿੰਘ ,ਹਰਨੇਕ ਸਿੰਘ ਨੇਕੀ,ਰਵੀ ਕੁਮਾਰ,ਮੈਡਮ ਨੀਤੂ ਸਿੰਘ,ਰਣਜੀਤ ਸਿੰਘ, ਗੁਰਦੇਵ ਸਿੰਘ, ਗੁਰਪ੍ਰੀਤ ਗੋਗੀ,ਪਰਦੀਪ ਸਿੰਘ, ਸੁਖਪਾਲ ਸਿੰਘ ਆਦਿ ਵਲੋਂ ਲਿਖਤੀ ਦਰਖਾਸਤ ਐਸਐਚਓ ਦੋਰਾਹਾ ਨੂੰ ਦਿੱਤੀ ਗਈ ਹੈ ਤਾਂ ਦੋਸ਼ੀਆਂ ਉੱਪਰ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਵੇ। ਅੱਗੇ ਬੁਲਾਰਿਆਂ ਨੇ ਕਿਹਾ ਕਿ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਇਸ ਤਰ੍ਹਾਂ ਦੀ ਹਰਕਤ ਕਰਨਾ ਬਹੁਤ ਹੀ ਮੰਦਭਾਗੀ ਘਟਨਾ ਹੈ ਇਹ ਘਟਨਾ ਜਾਣ-ਬੁੱਝ ਕੇ ਨਹੀਂ ਸਗੋਂ ਗਿਣੀ-ਮਿੱਥੀ ਸਾਜ਼ਿਸ਼ ਲੱਗਦੀ ਹੈ, ਸਮਾਜ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ।

ਹਰਿਆਊ ਵਿਖੇ ਧਾਰਮਿਕ ਸਮਾਗਮ ਦੌਰਾਨ 42 ਯੂਨਿਟ ਖੂਨ ਦਾਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਇੱਥੋਂ ਨੇੜਲੇ ਪਿੰਡ ਹਰਿਆਊ ਖੁਰਦ ਵਿਖੇ ਗੁਰਦੁਆਰਾ ਬਾਬਾ ਸ਼ਹੀਦ ਵਿਖੇ ਸਾਲਾਨਾ ਧਾਰਮਿਕ ਸਮਾਗਮ ਭਾਈ ਮੁਖਤਿਆਰ ਸਿੰਘ ਪਾਂਡੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਵਿਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਤੋਂ ਇਲਾਵਾ ਹਰਿਆਣਾ, ਜੰਮੂ, ਝਾਰਖੰਡ ਤੇ ਯੂ ਪੀ ਤੋਂ ਆਈਆਂ ਸੰਗਤਾਂ ਨੇ ਹਾਜ਼ਰੀ ਲਵਾਈ। ਸਮਾਗਮ ਮੌਕੇ ਢਾਡੀ ਜਥਿਆਂ ਨੇ ਜੋਸ਼ੀਲੀਆਂ ਵਾਰਾਂ ਤੇ ਕੀਰਤਨੀ ਜਥਿਆਂ ਨੇ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਦੌਰਾਨ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ, ਜਿਸ ਵਿਚ 42 ਵਲੰਟੀਅਰਾਂ ਨੇ ਖੂਨ ਦਾਨ ਕੀਤਾ। ਜਿਨ੍ਹਾਂ ਨੂੰ ਸਰਟੀਫਿਕੇਟ, ਮਿਸ਼ਨਰੀ ਮਫਲਰ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦੀਪ ਸਿੰਘ ਸਨੌਰ, ਗੁਰਪ੍ਰੀਤ ਸਿੰਘ ਪਟਿਆਲਾ, ਮਾਨ ਸਿੰਘ ਫੌਜੀ, ਗੁਰਚਰਨ ਸਿੰਘ, ਹਰਮਨਦੀਪ ਸਿੰਘ ਸਨੌਰ, ਨਰਵੰਤ ਸਿੰਘ ਹਰਿਆਊ ਖੁਰਦ, ਗੁਰਬਚਨ ਸਿੰਘ ਪਟਿਆਲਾ, ਬਲਵਿੰਦਰ ਸਿੰਘ, ਬਲਬੀਰ ਸਿੰਘ ਖੇੜਕੀ, ਰਣਜੋਧ ਸਿੰਘ, ਸੰਦੀਪ ਸਿੰਘ ਨੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ।

ਖੇਤ 'ਚ ਪਰਾਲੀ ਦੇ ਪ੍ਰਬੰਧਨ ਦੀਆਂ ਤਕਨੀਕਾਂ ਸਬੰਧੀ ਖੇਤ ਦਿਵਸ ਮਨਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ/ਕੁਲ ਭੂਸ਼ਨ ਚਾਵਲਾ) ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਆਸਾ ਬੁੱਟਰ ਵਿਖੇ ਖੇਤ ਵਿੱਚ ਪਰਾਲੀ ਦੇ ਪ੍ਰਬੰਧਨ ਦੀਆਂ ਤਕਨੀਕਾਂ ਸਬੰਧੀ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਿੰਡ ਦੇ ਲਗਭਗ 80 ਸੁਭਵਾਨ ਕਿਸਾਨ ਵੀਰਾਂ ਨੇ ਭਾਗ ਲਿਆ।ਇਸ ਖੇਤ ਦਿਵਸ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਕਰਮਜੀਤ ਸ਼ਰਮਾ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ.ਵੀ.ਕੇ ਨੇ ਪਰਾਲੀ ਦੀ ਸਾਂਭ ਸੰਭਾਲ ਲਈ ਵੱਖ-ਵੱਖ ਪ੍ਰਬੰਧਨ ਤਕਨੀਕਾਂ ਬਾਰੇ ਦੱਸਿਆ।ਉਨ੍ਹਾਂ ਕਿਸਾਨਾਂ ਨੂੰ ਖੇਤੀ ਦੇ ਨਾਲ-ਨਾਲ ਖੇਤੀ ਸਾਹਾਇਕ ਧੰਦੇ ਅਪਣਾਉਣ ਲਈ ਵੀ ਪ੍ਰੇਰਤ ਕੀਤਾ।ਇਸ ਤੋਂ ਇਲਾਵਾ ਉਨ੍ਹਾਂ ਪਰਾਲੀ ਨੂੰ ਖੇਤਾਂ ਵਿੱਚ ਸਾੜਣ ਨਾਲ ਵਾਤਾਵਰਨ, ਸਿਹਤ ਅਤੇ ਜ਼ਮੀਨ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਅਤੇ ਪਰਾਲੀ ਦਾ ਖੇਤਾਂ ਵਿੱਚ ਪ੍ਰਬੰਧਨ ਕਰਨ ਨਾਲ ਕਿਸਾਨਾਂ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ ਵੀ ਦੱਸਿਆ।ਡਾ. ਗੁਰਮੇਲ ਸਿੰਘ ਸੰਧੂ, ਸਹਾਇਕ ਪ੍ਰੋਫ਼ੈਸਰ (ਪੌਦ ਸੁਰੱਖਿਆ) ਨੇ ਕਣਕ, ਸਰ੍ਹੋਂ, ਬਰਸੀਮ ਅਤੇ ਮੱਕੀ 'ਤੇ ਆਉਣ ਵਾਲੇ ਕੀੜੇ-ਮਕੌੜੇ ਤੇ ਬਿਮਾਰੀਆਂ ਦੀ ਸੁਚੱਜੀ ਰੋਕਥਾਮ ਲਈ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਦੌਰਾਨ ਡਾ. ਵਿਵੇਕ ਕੁਮਾਰ, ਸਹਾਇਕ ਪ੍ਰੋਫ਼ੈਸਰ (ਫਸਲ ਵਿਗਿਆਨ) ਨੇ ਦੱਸਿਆ ਕਿ ਕਣਕ ਦੀ ਗੋਭ ਦੀ ਅਵਸਥਾ 'ਤੇ 2.0 ਪ੍ਰਤੀਸ਼ਤ ਦੇ ਹਿਸਾਬ ਨਾਲ ਪੋਟਾਸ਼ੀਅਮ ਨਾਈਟ੍ਰੇਟ (13-0-45) ਦਾ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੁ ਗ਼ਰਮੀ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ।ਕੈਂਪ ਦੇ ਅਖੀਰ ਵਿੱਚ ਡਾ. ਸੁਖਜਿੰਦਰ ਸਿੰਘ, ਸਹਾਇਕ ਪ੍ਰੋਫ਼ੈਸਰ (ਫਲ ਵਿਗਿਆਨ) ਨੇ ਫ਼ਲਦਾਰ ਬੂਟਿਆਂ ਦੀ ਸੁਚੱਜੀ ਕਾਸ਼ਤ ਅਤੇ ਗਰਮ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ ਸੰਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਕਿਸਾਨਾਂ ਨੂੰ ਸਬਜ਼ੀਆਂ ਦੀ ਘਰੇਲੂ ਬਗੀਚੀ ਬਨਾਉਣ ਅਤੇ ਖੇਤੀ ਸਾਹਿਤ ਪੜ੍ਹਨ ਲਈ ਵੀ ਪ੍ਰੇਰਤ ਕੀਤਾ।

...ਸਫ਼ਾ 1 ਦੇ ਬਾਕੀ

ਸੁੱਖੂ ਸਰਕਾਰ...

ਚੋਣ ਜ਼ਾਬਤੇ ਦੀ ਉਲੰਘਣਾ ਕੀਤੀ। ਉਨ੍ਹਾ ਕਿਹਾ ਕਿ ਬਬਲੂ ਦੀ ਵੋਟ ਉਦੋਂ ਤਕ ਨਹੀਂ ਗਿਣੀ ਜਾਣੀ ਚਾਹੀਦੀ ਜਦੋਂ ਤਕ ਚੋਣ ਕਮਿਸ਼ਨ ਫੈਸਲਾ ਨਹੀਂ ਦਿੰਦਾ। ਬਬਲੂ ਸੋਮਵਾਰ ਬੀਮਾਰ ਹੋ ਗਏ ਸਨ ਤੇ ਉਨ੍ਹਾ ਸਭ ਤੋਂ ਅਖੀਰ ਵਿਚ ਵੋਟ ਪਾਈ। ਗਿਣਤੀ ਦੌਰਾਨ ਹੀ ਸੁੱਖੂ ਨੇ ਦੋਸ਼ ਲਾਇਆ ਕਿ ਸੀ ਆਰ ਪੀ ਐੱਫ ਤੇ ਹਰਿਆਣਾ ਪੁਲਸ ਛੇ ਕਾਂਗਰਸੀ ਵਿਧਾਇਕਾਂ ਨੂੰ ਚੁੱਕ ਕੇ ਹਰਿਆਣਾ ਲੈ ਗਈ। ਯੂ ਪੀ ਵਿਚ 10 ਸੀਟਾਂ ਲਈ ਵੋਟਿੰਗ ਹੋਈ। ਭਾਜਪਾ ਕੋਲ 7 ਸੀਟਾਂ ਜਿੱਤਣ ਲਾਇਕ ਵਿਧਾਇਕ ਸਨ ਪਰ ਉਸਨੇ 8 ਉਮੀਦਵਾਰ ਖੜ੍ਹੇ ਕੀਤੇ ਸਨ। ਉਸਨੂੰ ਅੱਠਵਾਂ ਉਮੀਦਵਾਰ ਜਿਤਾਉਣ ਲਈ ਜਯੰਤ ਚੌਧਰੀ ਦੇ ਰਾਸ਼ਟਰੀ ਲੋਕ ਦਲ ਤੇ ਸਪਾ ਦੇ ਬਾਗੀਆਂ ਦੀਆਂ ਵੋਟਾਂ ਮਿਲਣ ਦੀ ਆਸ ਸੀ। ਅਖਿਲੇਸ਼ ਯਾਦਵ ਦੀ ਸਪਾ ਦੇ 7, ਐੱਸ ਬੀ ਐੱਸ ਪੀ ਦੇ ਇਕ ਤੇ ਬਸਪਾ ਦੇ ਇਕ ਵਿਧਾਇਕ ਨੇ ਭਾਜਪਾ ਉਮੀਦਵਾਰ ਦੇ ਹੱਕ ਵਿਚ ਵੋਟਿੰਗ ਕਰ ਦਿੱਤੀ।

ਕਰਨਾਟਕ ਵਿਚ ਉਮੀਦ ਮੁਤਾਬਕ ਕਾਂਗਰਸ ਦੇ ਤਿੰਨ ਤੇ ਭਾਜਪਾ ਦਾ ਇਕ ਉਮੀਦਵਾਰ ਜੇਤੂ ਰਹੇ। ਕਾਂਗਰਸ ਦੇ ਸਾਬਕਾ ਕੇਂਦਰੀ ਮੰਤਰੀ ਅਜੇ ਮਾਕਨ ਅਤੇ ਚਲੰਤ ਸਾਂਸਦ ਸਈਅਦ ਨਸੀਰ ਹੁਸੈਨ ਤੇ ਜੀ ਸੀ ਚੰਦਰਸ਼ੇਖਰ ਚੁਣੇ ਗਏ। ਭਾਜਪਾ ਦੇ ਨਾਰਾਇਣਸਾ ਭਡਗੇ ਜੇਤੂ ਰਹੇ। ਜਨਤਾ ਦਲ (ਐੱਸ) ਦੇ ਕੁਪੇਂਦਰ ਰੈੱਡੀ ਹਾਰ ਗਏ, ਜਿਨ੍ਹਾ ਨੂੰ ਕਾਂਗਰਸ ਵਿਚ ਭੰਨਤੋੜ ਕਰ ਕੇ ਜਿਤਾਉਣ ਦੀ ਯੋਜਨਾ ਸੀ। ਉਲਟਾ ਭਾਜਪਾ-ਜਨਤਾ ਦਲ (ਐੱਸ) ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦੋਂ ਭਾਜਪਾ ਦੇ ਇਕ ਵਿਧਾਇਕ ਐੱਸ ਟੀ ਸੋਮਸ਼ੇਖਰ ਨੇ ਕਾਂਗਰਸ ਦੇ ਅਜੇ ਮਾਕਨ ਦੇ ਹੱਕ ਵਿਚ ਵੋਟ ਪਾ ਦਿੱਤੀ। ਇਕ ਹੋਰ ਵਿਧਾਇਕ ਅਰਬੈਲ ਸ਼ਿਵਰਾਮ ਹੈਬਰ ਵੋਟ ਪਾਉਣ ਨਹੀਂ ਆਏ।

ਬਾਬਾ ਰਾਮਦੇਵ ਦੇ ...

ਬੈਂਚ ਨੇ ਪਤੰਜਲੀ ਵੱਲੋਂ ਪੱਕੀ ਰਾਹਤ ਦੇਣ ਦੀ ਮੰਗ 'ਤੇ ਕਿਹਾ—ਕੋਰਟ ਦੇ ਹੁਕਮ ਦੇ ਬਾਅਦ ਵੀ ਤੁਸੀਂ ਇਸ਼ਤਿਹਾਰਬਾਜ਼ੀ ਕਰਨ ਦਾ ਹੀਆ ਕੀਤਾ। ਫਿਰ ਪੱਕੀ ਰਾਹਤ ਮੰਗਦੇ ਹੋ। ਪੱਕੀ ਰਾਹਤ ਤੋਂ ਤੁਹਾਡਾ ਕੀ ਮਤਲਬ ?

ਕੋਰਟ ਨੇ ਅਜਿਹੀ ਇਸ਼ਤਿਹਾਰਬਾਜ਼ੀ ਨੂੰ ਹਟਾਉਣ ਲਈ ਕੇਂਦਰ ਸਰਕਾਰ ਤੋਂ ਚੁੱਕੇ ਗਏ ਕਦਮਾਂ ਬਾਰੇ ਵੀ ਵਿਸਤ੍ਰਿਤ ਰਿਪੋਰਟ ਮੰਗੀ ਹੈ।

ਕੋਰਟ ਨੇ ਕਿਹਾ ਕਿ ਸਰਕਾਰ ਅੱਖਾਂ ਮੀਟੀ ਬੈਠੀ ਹੈ। ਅਜਿਹੀ ਇਸ਼ਤਿਹਾਰਬਾਜ਼ੀ ਨਾਲ ਸਮੁੱਚੇ ਦੇਸ਼ ਨਾਲ ਛਲ ਕੀਤਾ ਜਾ ਰਿਹਾ ਹੈ। ਇਹ ਬਹੁਤ ਹੀ ਬਦਕਿਸਮਤੀ ਦੀ ਗੱਲ ਹੈ। ਸਰਕਾਰ ਨੂੰ ਤੁਰੰਤ ਕੁਝ ਕ

28-Fab-PAGE-3.qxd 2/27/2024 11:12 PM Page 1

ਮੋਦੀ ਸਰਕਾਰ ਖਿਲਾਫ ਅੰਮ੍ਰਿਤਸਰ-ਜੰਮੂ ਹਾਈਵੇ 'ਤੇ ਕਿਸਾਨਾਂ ਵੱਲੋਂ ਟ੍ਰੈਕਟਰ ਪ੍ਰਦਰਸ਼ਨ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੰਮ੍ਰਿਤਸਰ ਜੰਮੂ ਹਾਈਵੇ ਤੇ ਟ੍ਰੈਕਟਰ ਖੜੇ ਕਰਕੇ ਸਰਕਾਰ ਦਾ ਵਿਰੋਧ ਕੀਤਾ ਗਿਆ।ਇਸ ਦੀ ਅਗਵਾਈ ਕੇਵਲ ਸਿੰਘ ਕੰਗ, ਪ੍ਰੇਮ ਸਿੰਘ, ਬਲਵੰਤ ਘੋ, ਏ. ਐੱਸ. ਗੁਲਾਟੀ, ਇਕਬਾਲ ਸਿੰਘ ਨੇ ਕੀਤੀ।ਇਸ ਮੌਕੇ ਕੇਵਲ ਕਾਲੀਆਂ, ਨੇਤਰ ਸਿੰਘ, ਚਿਮਨ ਲਾਲ, ਬਲਦੇਵ ਰਾਜ, ਲੰਬੜਦਾਰ ਗੁਰਦੀਪ ਸਿੰਘ, ਜੋਗਾ ਸਿੰਘ ਮਿਆਣੀ, ਸਰਬਜੀਤ ਸਿੰਘ, ਅਵਤਾਰ ਸਿੰਘ, ਗੁਰਸ਼ਰਨ ਸਿੰਘ ਮਾਖਨਪੁਰ,ਮਹਿਕ ਪ੍ਰੀਤ ਸਿੰਘ ਸ਼ਿਵ ਕੁਮਾਰ ਨੇ ਸੰਬੋਦਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਅਬੂ ਧਾਬੀ ਵਿੱਚ ਹੋ ਰਹੀ ਡਬਲਯੂ ਟੀ ਓ ਦੀ ਮੀਟਿੰਗ ਦਾ ਅਸੀਂ ਵਿਰੋਧ ਕਰਦੇ ਹਾਂ।ਉਨ੍ਹਾਂ ਨੇ ਮੰਗ ਕੀਤੀ ਕਿ ਭਾਰਤ ਇਸ ਸੰਸਥਾਂ ਵਿਚੋਂ ਬਾਹਰ ਆਵੇ ਕਿਉਂਕਿ ਇਸ ਵਪਾਰ ਸੰਸਥਾਂ ਦੀਆਂ ਨੀਤੀਆਂ ਲੋਕ ਵਿਰੋਧੀ, ਕਿਸਾਨ ਵਿਰੋਧੀ, ਮਜਦੂਰ ਵਿਰੋਧੀ ਹਨ।ਇਹ ਸੰਸਥਾਂ ਬਹੁ ਕੌਮੀ ਕਾਰਪੋਰੇਸ਼ਨਾਂ ਦੇ ਹਿੱਤਾਂ ਦੀ ਰਾਖੀ ਕਰਦੀ ਹੈ ਅਤੇ ਮੈਂਬਰ ਦੇਸ਼ਾਂ ਦੀ ਖੁੱਲੀ ਲੁੱਟ ਦਾ ਅਧਿਕਾਰ ਦੇਂਦੀ ਹੈ ਅਤੇ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਨੂੰ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਲਈ ਮਜਬੂਰ ਕਰਦੀ ਹੈ, ਜਿਹੜੀਆਂ ਕਿ ਮੈਂਬਰ ਦੇਸ਼ਾਂ ਦੇ ਹਿਤਾਂ ਦੇ ਵੀ ਵਿਰੋਧ ਵਿੱਚ ਹਨ। ਇਸ ਲਈ ਭਾਰਤ ਨੂੰ ਇਸ ਸੰਸਥਾਂ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ।ਉਨ੍ਹਾਂ ਮੰਗ ਕੀਤੀ ਕਿ ਸੰਭੂ ਬਾਰਡਰ ਤੇ ਖਨੌਰੀ ਬਾਰਡਰ ਤੇ ਹੋ ਰਿਹਾ ਤਸ਼ੱਦਦ ਬੰਦ ਕੀਤਾ ਜਾਵੇ ਅਤੇ ਐੱਮਐੱਸਪੀ ਨੂੰ ਕਾਨੂੰਨੀ ਸ਼ਕਲ ਦੇ ਕੇ ਲਾਗੂ ਕੀਤਾ ਜਾਵੇ।ਸਵਾਮੀ ਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇ।

ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕੀਤਾ ਜਾਵੇ ਕਿਉਂਕਿ ਉਨ੍ਹਾਂ ਨੂੰ ਐੱਮਐੱਸਪੀ ਮੁਤਾਬਕ ਮੁੱਲ ਨਹੀਂ ਮਿਲਿਆ।ਉਨ੍ਹਾਂ ਨੇ ਕਿਹਾ ਕਿ 14 ਮਾਰਚ ਮਾਰਚ ਨੂੰ ਦਿੱਲੀ ਵਿਖੇ ਹੋ ਰਹੀ ਮਹਾ ਪੰਚਾਇਤ ਵਿੱਚ ਸੰਯੁਕਤ ਕਿਸਾਨ ਮੋਰਚਾ ਪਠਾਨਕੋਟ ਵੱਡੀ ਗਿਣਤੀ ਵਿੱਚ ਸ਼ਾਮਲ ਹੋਵੇਗਾ ਅਤੇ ਹੋਰ ਵੀ ਸੰਯੁਕਤ ਕਿਸਾਨ ਮੋਰਚੇ ਦਾ ਸੱਦਾ ਆਵੇਗਾ ਉਸ ਨੂੰ ਪੂਰਾ ਕੀਤਾ ਜਾ ਜਾਵੇਗਾ।

ਜ਼ਿਲਾ ਗੁਰਦਾਸਪੁਰ 'ਚ 27 ਨਵੇਂ ਆਮ ਆਦਮੀ ਕਲੀਨਿਕ ਜਨਤਾ ਨੂੰ ਸਮਰਪਿਤ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਜ਼ਿਲੇ ਵਿਚ 27 ਨਵੇਂ ਆਮ ਆਦਮੀ ਕਲੀਨਿਕ ਜਨਤਾ ਨੂੰ ਸਮਰਪਤ ਹੋਏ।ਜ਼ਿਲੇ ਵਿਚ ਵੱਖ-ਵੱਖ ਥਾਈਂ ਨਵ-ਨਿਯੁਕਤ ਸਟਾਫ ਵੱਲੋਂ ਇਨ੍ਹਾਂ ਆਮ ਆਦਮੀ ਕਲੀਨਿਕ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ।ਦੀਨਾਨਗਰ ਵਿਖੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਅਤੇ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਵੱਲੋਂ ਨਵੇਂ ਆਮ ਆਦਮੀ ਕਲੀਨਿਕ ਦੀਨਾਨਗਰ ਦਾ ਦੌਰਾ ਕੀਤਾ ਗਿਆ।ਨਵ-ਨਿਯੁਕਤ ਸਟਾਫ ਅਤੇ ਹਾਜ਼ਰ ਮਰੀਜ਼ਾਂ ਨਾਲ ਗੱਲਬਾਤ ਕੀਤੀ ਗਈ।ਇਸ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਜਿਲੇ ਵਿਚ ਆਮ ਆਦਮੀ ਕਲੀਨਿਕਾਂ ਵਿਚ ਵਾਧਾ ਹੋਇਆ ਹੈ।ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵਿਚ ਵਾਧਾ ਹੋਣ ਨਾਲ ਲੋਕਾਂ ਨੂੰ ਸਿਹਤ ਸਹੂਲਤਾਂ ਬਿਹਤਰ ਢੰਗ ਨਾਲ ਮਿਲਣਗੀਆਂ।ਇਨ੍ਹਾਂ ਕਲੀਨਿਕਾਂ ਵਿਚ ਮੁਫਤ ਦਵਾਈਆਂ ਦੇ ਨਾਲ ਹੀ ਮੁਫਤ ਟੈਸਟਾਂ ਦੀ ਵੀ ਸਹੂਲਤ ਹੈ।ਉਨਾਂ ਨਵ-ਨਿਯੁਕਤ ਸਿਹਤ ਮੁਲਾਜ਼ਮਾਂ ਨੂੰ ਵਧਾਈ ਦਿੱਤੀ ਅਤੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਪ੍ਰੇਰਿਤ ਕੀਤਾ।ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਨੇ ਕਿਹਾ ਕਿ ਜ਼ਿਲੇ ਵਿਚ ਨਵੇਂ ਆਮ ਆਦਮੀ ਕਲੀਨਿਕਾਂ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।ਸਮੂਹ ਐੱਸਐੱਮਓਜ਼ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੀ ਨਿਗਰਾਨੀ ਹੇਠ ਇਨ੍ਹਾਂ ਕਲੀਨਿਕਾਂ ਦਾ ਪ੍ਰਬੰਧ ਚਲਾਉਣ ।

97 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਗਲੀ ਦਾ ਧਾਲੀਵਾਲ ਨੇ ਕਰਵਾਇਆ ਕੰਮ ਸ਼ੁਰੂ

ਅਜਨਾਲਾ, 26 ਫਰਵਰੀ: (ਸੁਖਤਿੰਦਰ ਸਿੰਘ ਰਾਜੂ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਯਤਨਸ਼ੀਲ ਹੈ।ਆਉਣ ਵਾਲੇ ਦਿਨਾਂ ਵਿਚ ਹਲਕੇ ਦੇ ਵਿਕਾਸ ਕਾਰਜਾਂ ਦੀ ਰਫ਼ਤਾਰ ਵਿਚ ਹੋਰ ਤੇਜੀ ਲਿਆਂਦੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵਾਰਡ ਨੰਬਰ 9 ਵਿੱਚ 97 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਗਲੀ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਕੀਤਾ।ਉਨ੍ਹਾਂ ਨੇ ਦੱਸਿਆ ਕਿ ਸ਼ਹਿਰ ਦੀ ਹਦੂਦ ਅੰਦਰ ਵੱਖ-ਵੱਖ ਗਲੀਆਂ ਦੇ ਨਿਰਮਾਣ ਕਾਰਜ ਜ਼ੋਰਾਂ ਉੱਤੇ ਹਨ ਅਤੇ ਛੇਤੀ ਹੀ ਪੂਰੇ ਕਰ ਲਏ ਜਾਣਗੇ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਅਤੇ ਸਰਕਾਰ ਪਾਸੋਂ ਲਗਾਤਾਰ ਫੰਡ ਪਹੁੰਚ ਰਹੇ ਹਨ ਅਤੇ ਵਿਕਾਸ ਕਾਰਜਾਂ ਲਈ ਖਰਚ ਕੀਤਾ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਘਰ ਤੱਕ ਸਾਫ ਪੀਣ ਯੋਗ ਪਾਣੀ ਪਹੁੰਚਾਉਣ ਦੇ ਮੰਤਵ ਨਾਲ ਸ਼ਹਿਰ ਵਿਚ ਰਹਿੰਦੀਆਂ ਗਲੀਆਂ ਵਿਚ ਪਾਈਪਾਂ ਵੀ ਪਾਈਆਂ ਜਾਣਗੀਆਂ, ਜਿਸ ਨਾਲ ਹਰ ਘਰ ਤੱਕ ਪਾਣੀ ਪਹੁੰਚੇਗਾ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਨਗਰ ਕੌਂਸਲ ਅਧੀਨ ਜੋ ਵੀ ਵਿਕਾਸ ਕਾਰਜ ਲੋੜੀਂਦੇ ਹੋਣਗੇ ਉਹ ਭਵਿੱਖ 'ਚ ਕਰਵਾਏ ਜਾਣਗੇ।ਸ਼ਹਿਰ ਨਿਵਾਸੀਆਂ ਨਾਲ ਕੀਤੇ ਵਾਅਦੇ ਸਾਰੇ ਪੂਰੇ ਕੀਤੇ ਜਾਣਗੇ ਅਤੇ ਆਉਣ ਵਾਲੇ ਸਮੇਂ ਵਿਚ ਅਜਨਾਲਾ ਸ਼ਹਿਰ ਦੀ ਕੋਈ ਵੀ ਗਲੀ ਬਿਨਾਂ ਇੰਟਰਲਾਕਿੰਗ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਵਾਰਡ ਕੌਂਸਲਰਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ, ਸ਼ਿਵਦੀਪ ਸਿੰਘ ਚਾਹਲ, ਗੁਰਿੰਦਰ ਸਿੰਘ ਗੁਜਰਪੁਰਾ, ਮੈਡਮ ਗੀਤਾ ਗਿੱਲ, ਗੋਰਾ ਸੱਗੂ, ਰਸ਼ਪਾਲ ਸਿੰਘ ਕੋਟਲਾ ਕਾਜ਼ੀਆਂ, ਅਜੇ ਕੁਮਾਰ, ਗੁਰਨਾਮ ਸਿੰਘ, ਗੁਰਦੇਵ ਸਿੰਘ, ਸੁੱਖਦਿਆਲ ਸਿੰਘ ਭੱਖਾ, ਸ਼ਮਸ਼ੇਰ ਸਿੰਘ ਸ਼ੇਰਾ ਆਦਿ ਹਾਜ਼ਰ ਸਨ।

ਸਾਰੇ ਵਿਭਾਗਾਂ ਦਾ ਡਾਟਾ ਹੋਵੇਗਾ ਡਿਜੀਟਲਾਇਜ਼ : ਮਨੋਹਰ ਲਾਲ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਡਿਜੀਟਲ ਯੁੱਗ ਵਿਚ ਹਰਿਆਣਾ ਨੇ ਨਵੀਂ ਉਚਾਈਆਂ ਨੂੰ ਛੋਹ ਲਿਆ ਜਦੋਂ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਨੇ ਐਲਾਨ ਕਰਦੇ ਹੋਏ ਕਿਹਾ ਕਿ ਸਾਰੇ ਵਿਭਾਗਾਂ ਦੇ ਰਿਕਾਰਡ ਨੂੰ ਡਿਜੀਟਲਾਇਜ਼ ਕੀਤਾ ਜਾਵੇਗਾ। ਇਸ ਦੇ ਲਈ ਮੁੱਖ ਦਫਤਰ ਅਤੇ ਜਿਲ੍ਹਾ ਪੱਧਰ 'ਤੇ ਡਿਜੀਟਲ ਰਿਕਾਰਡ ਰੂਮ ਤਿਆਰ ਕੀਤੇ ਜਾਣਗੇ। ਇਸ ਵਿਵਸਥਾ ਲਈ ਮੌਜੂਦਾ ਬਜਟ 2024-25 ਤੋਂ ਇਲਾਵਾ ਜਰੂਰਤ ਪੈਣ 'ਤੇ ਆਉਣ ਵਾਲੇ ਸਪਲੀਮੈਂਟਰੀ ਬਜਟ ਅੰਦਾਜਿਆਂ ਵਿਚ ਬਜਟ ਦਾ ਪ੍ਰਾਵਧਾਨ ਕੀਤਾ ਜਾਵੇਗਾ। ਮਨੋਹਰ ਲਾਲ ਨੇ ਕਿਹਾ ਕਿ ਸਰਕਾਰ ਨੇ ਕੈਥਲ ਜਿਲ੍ਹਾ ਤੋਂ ਮਾਲ ਵਿਭਾਗ ਦੇ ਰਿਕਾਰਡ ਨੂੰ ਡਿਜੀਟਲਾਇਜ਼ ਕਰਨ ਦੀ ਸ਼ੁਰੂਆਤ ਕੀਤੀ ਸੀ ਅਤੇ ਪੂਰੇ ਵਿਭਾਗ ਦਾ ਰਿਕਾਰਡ ਡਿਜੀਟਲਾਇਜ਼ ਹੋ ਚੁੱਕਾ ਹੈ। ਈ-ਵਿਧਾਨਸਭਾ ਦੇ ਵਿਜਨ ਨੂੰ ਅੱਗੇ ਵਧਾਉਂਦੇ ਹੋਏ ਹਰਿਆਣਾ ਵਿਧਾਨਸਭਾ ਸਪੀਕਰ ਗਿਆਨ ਚੰਦ ਗੁਪਤਾ ਨੇ ਇਕ ਵੱਡੀ ਪਹਿਲ ਕਰਦੇ ਹੋਏ ਵਿਧਾਨਸਭਾ ਦੇ ਸੰਪੂਰਣ ਰਿਕਾਰਡ ਨੂੰ ਡਿਜੀਟਲਾਇਜ਼ ਰੂਪ ਦਿੱਤਾ ਹੈ। ਇਸ ਦੇ ਲਈ ਅੱਜ ਵਿਧਾਨਸਭਾ ਸਪੀਕਰ ਗਿਆਨ ਚੰਦ ਗੁਪਤਾ, ਸਦਨ ਦੇ ਨੇਤਾ ਮੁੱਖ ਮੰਤਰੀ ਮਨੋਹਰ ਲਾਲ, ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਅਤੇ ਨੇਤਾ ਵਿਰੋਧੀ ਧਿਰ ਭੁਪੇਂਦਰ ਸਿੰਘ ਹੁਡਾ ਅਤੇ ਵਿਧਾਨਸਭਾ ਡਿਪਟੀ ਸਪੀਕਰ ਰਣਬੀਰ ਗੰਗਵਾ ਨੇ ਵਿਧਾਨਸਭਾ ਦੀ ਵੈਬਸਾਇਟ 'ਤੇ ਡਿਜੀਟਲ ਲੇਜੀਸਲੇਟਿਵ ਬਿਜਨੈਸ ਮਾਡੀਯੂਲ ਲਾਂਚ ਕੀਤਾ।

ਖੇਤੀਬਾੜੀ ਵਿਭਾਗ ਵੱਲੋਂ ਵਿਸ਼ੇਸ਼ ਸਿਖਲਾਈ ਕੈਂਪ ਅੱਜ

ਬਟਾਲਾ, (ਡਾ. ਮਲਵਿੰਦਰ ਸਿੰਘ)-ਡਾ. ਸੁਰਿੰਦਰ ਪਾਲ ਸਿੰਘ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਸਲੀ ਵਿਭਿੰਨਤਾ ਪਰੋਗਰਾਮ ਤਹਿਤ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਸਿਖਲਾਈ ਕੈਂਪ ਲਗਾਇਆ ਜਾ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ 28 ਫਰਵਰੀ ਨੂੰ ਸ਼ਗੁਨ ਰਿਜ਼ੋਰਟ, ਨੌਸ਼ਹਿਰਾ ਮੱਝਾ ਸਿੰਘ ਬਲਾਕ ਧਾਰੀਵਾਲ ਵਿਖੇ ਇਹ ਵਿਸ਼ੇਸ਼ ਸਿਖਲਾਈ ਕੈਂਪ ਲਗਾਇਆ ਜਾਵੇਗਾ।ਉਨ੍ਹਾਂ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਉਹ ਵੱਧ ਤੋਂ ਵੱਧ ਕੈਂਪ ਵਿੱਚ ਸ਼ਿਰਕਤ ਕਰਨ ਅਤੇ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦੇ ਵਿਚਾਰ ਸੁਣਨ ।

ਲੋਕ-ਮੁਸ਼ਕਲਾਂ ਦੇ ਨਿਪਟਾਰੇ ਲਈ ਪਿੰਡ ਚਾਵਾ 'ਚ ਲੱਗਾ ਵਿਸ਼ੇਸ਼ ਕੈਂਪ

ਗੁਰਦਾਸਪੁਰ (ਜਨਕ ਮਹਾਜਨ)-ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪੈਂਦੇ ਪਿੰਡ ਚਾਵਾ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਵਾਸਤੇ ਐੱਸਡੀਐੱਮ ਗੁਰਦੇਵ ਸਿੰਘ ਧੰਮ ਦੀ ਅਗਵਾਈ ਹੇਠ ਇਕ ਕੈਂਪ ਲਗਾਇਆ ਗਿਆ। ਇਸ ਮੌਕੇ ਦੀਨਾਨਗਰ ਤੋਂ ਵੱਖ-ਵੱਖ ਮਹਿਕਮੇ ਦੇ ਅਧਿਕਾਰੀ ਲਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਪਹੁੰਚੇ। ਐੱਸਡੀਐੱਮ ਗੁਰਦੇਵ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੈਂਪ ਲਗਾ ਕੇ ਲੋਕਾਂ ਦੀਆਂ 70 ਦੇ ਕਰੀਬ ਮੁਸ਼ਕਲਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਹੈ। ਐੱਸਡੀਐੱਮ ਧੰਮ ਨੇ ਦੱਸਿਆ ਕਿ ਇਹੋ ਜਿਹੇ ਕੈਂਪ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪੈਂਦੇ ਹਰ ਪਿੰਡ ਅੰਦਰ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਮੁਲਾਜ਼ਮਾਂ ਵਿਚ ਪਟਵਾਰੀ ਦਵਿੰਦਰ ਸਿੰਘ ਘੁੰਮਣ, ਮੁਨੀਸ਼ ਕੁਮਾਰ, ਨੀਲਮ ਰਾਣੀ, ਵੀਨਸ਼, ਪਰਮਜੀਤ ਕੌਰ, ਜੀਤ ਰਾਮ, ਵਿਕਾਸ ਕੁਮਾਰ, ਦਵਿੰਦਰ ਸੈਣੀ, ਰਾਜੇਸ਼ ਉਪਲ, ਇੰਸ. ਫੂਡ ਸਪਲਾਈ ਕੁਲਦੀਪ ਕੁਮਾਰ, ਸਰਪੰਚ ਪ੍ਰੇਮ ਲਾਲ, ਪੁਨੀਤ ਤੋਂ ਇਲਾਵਾ ਹੋਰ ਮਹਿਕਮੇ ਦੇ ਅਧਿਕਾਰੀ ਹਾਜ਼ਰ ਸਨ।

ਕਰਜ਼ੇ ਥੱਲੇ ਦੱਬੇ ਗਰੀਬ ਪਰਵਾਰ ਵੱਲੋਂ ਲੜਕੇ ਦੇ ਇਲਾਜ ਲਈ ਲਈ ਮਦਦ ਦੀ ਗੁਹਾਰ

ਝਬਾਲ (ਹਰਜਿੰਦਰ ਸਿੰਘ ਸੋਨੀ)-ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਸਬਾ ਝਬਾਲ ਕਲਾਂ ਦੇ ਵਾਸੀ ਬਲਜੀਤ ਸਿੰਘ ਨੇ ਦੱਸਿਆ ਕਿ ਮੇਰਾ ਲੜਕਾ ਮੰਗਲ ਸਿੰਘ ਉਮਰ 26 ਜੋ ਪਿਛਲੇ ਸਾਲੀ ਬਾਹਰ ਵਿਦੇਸ਼ ਜਾਣ ਦੇ ਚੱਕਰ ਵਿੱਚ ਕਿਸੇ ਏਜੰਟ ਦੀ ਠੱਗੀ ਦਾ ਸ਼ਿਕਾਰ ਹੋ ਗਿਆ। ਕਰਜ਼ਾ ਚੁੱਕ ਕੇ ਏਜੰਟ ਨੂੰ ਪੈਸੇ ਦਿੱਤੇ ਸਨ ਪਰ ਮੰਗਲ ਸਿੰਘ ਨੂੰ ਰਸਤੇ ਵਿੱਚੋਂ ਵਾਪਸ ਮੋੜ ਦਿੱਤਾ। ਇਸ ਮੰਗਲ ਸਿੰਘ ਚਿੰਤਾ ਲਾ ਬੈਠਾ ਤੇ ਚੁੱਪ-ਚੁੱਪ ਰਹਿਣ ਲੱਗ ਪਿਆ ਤੇ ਬੀਮਾਰ ਵੀ ਹੋ ਗਿਆ। ਅਸੀਂ ਇਧਰੋਂ ਉਧਰੋਂ ਇਲਾਜ ਕਰਵਾਇਆ ਪਰ ਹਾਲਤ ਵਿਗੜਦੀ ਗਈ। ਹੁਣ ਉਸਦੀਆਂ ਦੋਵੇਂ ਕਿਡਨੀਆਂ ਖਰਾਬ ਹੋਣ ਦਾ ਪਤਾ ਲੱਗਾ। ਸਾਡੇ ਕੋਲ ਪੈਸੇ ਨਹੀਂ ਹਨ। ਇਸ ਕਰਕੇ ਲੜਕੇ ਦਾ ਇਲਾਜ ਨਹੀਂ ਹੋ ਰਿਹਾ। ਅਸੀਂ ਸਮਾਜ ਸੰਸਥਾ ਵਾਲਿਆਂ ਨੂੰ ਤੇ ਦਾਨੀ ਸੱਜਣਾਂ ਨੂੰ ਅਪੀਲ ਕਰਦੇ ਹਾਂ ਕਿ ਸਾਡੀ ਮੱਦਦ ਕੀਤੀ ਜਾਵੇ। ਬਹੁਤ ਕਰਜ਼ਾਈ ਹੋ ਗਏ ਹਾਂ। ਸਾਡੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਇਸ ਗਰੀਬ ਪਰਵਾਰ ਨੇ ਭਗਵੰਤ ਮਾਨ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਸਾਡੀ ਗਰੀਬਾਂ ਦੀ ਗੁਹਾਰ ਸੁਣੀ ਜਾਵੇ ਅਤੇ ਪੰਜ ਲੱਖ ਦੇ ਇਲਾਜ ਵਾਲਾ ਕਾਰਡ ਬਣਾ ਦਿੱਤਾ ਜਾਵੇ। ਕਾਰਡ ਬਣਾਉਣ ਵਾਲੇ ਆਖਦੇ ਸਨ ਕਿ ਇਸ ਦਾ ਕਣਕ ਵਾਲੇ ਕਾਰਡ ਵਿੱਚ ਨਾਮ ਦਰਜ ਨਹੀਂ ਹੈ। ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾ ਕਿ ਸਾਡੀ ਮਦਦ ਕਰਕੇ ਕਣਕ ਵਾਲੇ ਕਾਰਡ ਵਿੱਚ ਨਾਮ ਦਰਜ ਕਰਵਾਇਆ ਜਾਵੇ ਤਾਂ ਜੋ ਮੰਗਲ ਸਿੰਘ ਦਾ ਇਲਾਜ ਵਾਲਾ ਕਾਰਡ ਬਣ ਸਕੇ। ਇਸ ਮੌਕੇ ਬਲਜੀਤ ਸਿੰਘ ਤੋਂ ਇਲਾਵਾ ਮਾਤਾ ਰਾਜਵਿੰਦਰ ਕੌਰ ਅਤੇ ਬਾਜ ਸਿੰਘ ਆਦਿ ਹਾਜ਼ਰ ਸਨ।

ਕਿਸਾਨਾਂ ਵੱਲੋਂ ਡਬਲਯੂ ਟੀ ਓ ਦੀ ਮੈਂਬਰੀ ਛੱਡਣ ਦੀ ਜ਼ੋਰਦਾਰ ਮੰਗ

ਕਲਾਨੌਰ, (ਮਨਦੀਪ ਕੋਹਲੀ)-ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤੇ ਨੈਸ਼ਨਲ ਹਾਈਵੇ 354 ਗੁਰਦਾਸਪੁਰ ਰੋਡ ਸ਼ਹੀਦ ਭਗਤ ਸਿੰਘ ਗੇਟ ਦੇ ਸਾਹਮਣੇ ਕਲਾਨੌਰ ਤੇ ਜਮਹੂਰੀ ਕਿਸਾਨ ਸਭਾ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਨੇ ਟਰੈਕਟਰ ਹਾਈਵੇ ਦੇ ਕਿਨਾਰਿਆਂ 'ਤ

ਨਵਾਂ ਜ਼ਮਾਨਾ
ਬੁੱਧਵਾਰ, 28 ਫਰਵਰੀ 2024

ਹਾਕਮਾਂ ਦੀਆਂ ਸਾਜ਼ਿਸ਼ਾਂ ਪਛਾਣਨ ਦੀ ਲੋੜ

ਲੋਕਤੰਤਰ ਵਿਵਸਥਾ ਵਿੱਚ ਅੱਜ ਅਜਾਰੇਦਾਰੀ ਤੇ ਹਾਕਮ ਪਾਰਟੀ ਦੇ ਗੱਠਜੋੜ ਨੇ ਪੂੰਜੀਪਤੀ ਲੁੱਟ ਨੂੰ ਸਿਖਰ 'ਤੇ ਪੁਚਾ ਦਿੱਤਾ ਹੈ। ਇਸ ਲੁੱਟ ਨੇ ਆਮ ਲੋਕਾਂ ਤੇ ਖਾਸਕਰ ਕਿਰਤੀ ਵਰਗ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਹੈ। ਸਬਰ ਦੇ ਸਾਰੇ ਬੰਨ੍ਹ ਟੁੱਟ ਚੁੱਕੇ ਹਨ। ਦੇਸ਼ ਦਾ ਹਰ ਵਰਗ, ਕਿਸਾਨ, ਮਜ਼ਦੂਰ, ਕਰਮਚਾਰੀ, ਵਪਾਰੀ ਤੇ ਨੌਜਵਾਨ ਗੁੱਸੇ ਨਾਲ ਉੱਬਲ ਰਹੇ ਹਨ। ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਭਾਰਤ ਬੰਦ ਨੂੰ ਮਿਲੇ ਬੇਮਿਸਾਲ ਹੁੰਗਾਰੇ ਤੇ ਉਸ ਤੋਂ ਪਹਿਲਾਂ ਟਰਾਂਸਪੋਰਟਰਾਂ ਦੀ ਕੌਮੀ ਹੜਤਾਲ ਦੀ ਸਫ਼ਲਤਾ ਨੇ ਜਨਤਕ ਰੋਹ ਨੂੰ ਸੜਕਾਂ ਉੱਤੇ ਲੈ ਆਂਦਾ ਹੈ।

ਦੇਸ਼ ਦੀਆਂ 60 ਤੋਂ ਵੱਧ ਯੂਨੀਵਰਸਿਟੀਆਂ ਦੇ ਵਿਦਿਆਰਥੀ ਸਿੱਖਿਆ ਨੀਤੀ, ਫੀਸਾਂ ਦੇ ਵਾਧੇ ਤੇ ਸੰਘ ਦੇ ਹੱਥ-ਠੋਕੇ ਪ੍ਰਸ਼ਾਸਕਾਂ ਦੀ ਤਾਨਾਸ਼ਾਹੀ ਵਿਰੁੱਧ ਆਪ-ਮੁਹਾਰੇ ਸੰਘਰਸ਼ ਲਈ ਨਿੱਤਰ ਰਹੇ ਹਨ। ਰਾਜਾਂ ਦੀਆਂ ਰਾਜਧਾਨੀਆਂ ਵਿੱਚ ਕੋਈ ਅਜਿਹਾ ਦਿਨ ਨਹੀਂ ਹੁੰਦਾ, ਜਦੋਂ ਆਸ਼ਾ ਤੇ ਆਂਗਨਵਾੜੀ ਵਰਕਰ ਅਤੇ ਨਰੇਗਾ ਮਜ਼ਦੂਰ ਨਾਅਰੇ ਲਾਉਂਦੇ ਨਾ ਦੇਖੇ ਗਏ ਹੋਣ। ਨਵੀਂ ਪੈਨਸ਼ਨ ਸਕੀਮ ਵਿਰੁੱਧ ਪੈਨਸ਼ਨਰ ਤੇ ਸਰਕਾਰੀ ਕਰਮਚਾਰੀਆਂ ਦਾ ਗੁੱਸਾ ਵਧਦਾ ਜਾ ਰਿਹਾ ਹੈ। ਕਿਸਾਨਾਂ ਨੇ ਤਾਂ ਆਪਣੇ ਖੇਤੀ ਸੰਦ ਟਰੈਕਟਰ ਨੂੰ ਹੀ ਅੰਦੋਲਨ ਦਾ ਚਿੰਨ੍ਹ ਬਣਾ ਲਿਆ ਹੈ, ਜਿਵੇਂ ਹਾਕਮਾਂ ਨੇ ਬੁਲਡੋਜ਼ਰ ਨੂੰ ਨਫ਼ਰਤ ਦਾ ਹਥਿਆਰ ਬਣਾਇਆ ਹੋਇਆ ਹੈ। ਭਾਰਤ ਦੇ ਕਿਸਾਨਾਂ ਤੋਂ ਸਿੱਖ ਕੇ ਯੂਰਪ ਦੇ ਦੇਸ਼ ਜਰਮਨੀ, .ਫ਼ਰਾਂਸ, ਬੈਲਜੀਅਮ, ਹਾਲੈਂਡ, ਸਪੇਨ ਤੇ ਇਟਲੀ ਦੇ ਕਿਸਾਨ ਵੀ ਸਾਮਰਾਜੀ ਲੁੱਟ ਵਿਰੁੱਧ ਟਰੈਕਟਰ ਨੂੰ ਹੀ ਹਥਿਆਰ ਬਣਾ ਕੇ ਲੜ ਰਹੇ ਹਨ।

ਇਸ ਵੇਲੇ ਸਾਡੀ ਸਾਮਰਾਜੀ ਦਲਾਲ ਸਰਕਾਰ ਨੂੰ ਲੋਕਾਂ ਦੇ ਗੁੱਸੇ ਦਾ ਮੁਕਾਬਲਾ ਕਰਨ ਦਾ ਕੋਈ ਰਾਹ ਨਹੀਂ ਲੱਭ ਰਿਹਾ। ਹੁਣ ਉਸ ਨੇ 'ਫੁੱਟ ਪਾਓ ਤੇ ਰਾਜ ਕਰੋ' ਦੀ ਨੀਤੀ ਉੱਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਉਹ ਹਰ ਉਸ ਤਰੇੜ ਨੂੰ ਚੌੜਾ ਕਰ ਦੇਣਾ ਚਾਹੁੰਦੀ ਹੈ, ਜਿਹੜੀ ਫਿਰਕਿਆਂ ਨੂੰ ਇੱਕ-ਦੂਜੇ ਨਾਲ ਲੜਾ ਸਕੇ। ਹਿੰਦੂ-ਮੁਸਲਿਮ ਤੋਂ ਅੱਗੇ ਵਧ ਕੇ ਉਹ ਭਾਸ਼ਾ, ਸੰਸਕ੍ਰਿਤੀ, ਧਾਰਮਿਕ ਵਿਸ਼ਵਾਸਾਂ ਤੇ ਕਬਾਇਲੀ ਸਮੂਹਾਂ ਵਿਚਲੇ ਨਸਲੀ ਵਖਰੇਵਿਆਂ ਨੂੰ ਵੀ ਹਵਾ ਦੇ ਕੇ ਟਕਰਾਅ ਪੈਦਾ ਕਰਨ ਦੇ ਜਤਨ ਕਰ ਰਹੀ ਹੈ। ਮਨੀਪੁਰ ਵਿੱਚ ਦੋ ਜਨਜਾਤੀ ਸਮੂਹਾਂ ਵਿੱਚ ਛਿੜਿਆ ਯੁੱਧ ਹੁਣ ਤੱਕ ਸੈਂਕੜੇ ਜਾਨਾਂ ਲੈ ਚੁੱਕਾ ਹੈ। ਇਸ ਪਿੱਛੇ ਮਕਸਦ ਇਹ ਹੈ ਕਿ ਖਣਿਜ ਪਦਾਰਥਾਂ ਤੇ ਪਾਮ ਆਇਲ ਦੀ ਖੇਤੀ ਲਈ ਮਨੀਪੁਰ ਦੀਆਂ ਪਹਾੜੀਆਂ ਨੂੰ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਸੌਂਪਿਆ ਜਾ ਸਕੇ। ਇਹੋ ਹੀ ਕੋਸ਼ਿਸ਼ ਝਾਰਖੰਡ ਵਿੱਚ ਕਬਾਇਲੀਆਂ ਤੇ ਈਸਾਈ ਕਬਾਇਲੀਆਂ ਨੂੰ ਇੱਕ-ਦੂਜੇ ਵਿਰੁੱਧ ਖੜ੍ਹਾ ਕਰਨ ਦੀ ਹੋ ਰਹੀ ਹੈ, ਤਾਂ ਕਿ ਜੰਗਲਾਂ ਦੀ ਜ਼ਮੀਨ ਅਡਾਨੀ-ਅੰਬਾਨੀ ਨੂੰ ਦਿੱਤੀ ਜਾ ਸਕੇ। ਝਾਰਖੰਡ ਦੇ ਜੰਗਲ ਪੱਥਰ, ਕੋਇਲਾ, ਡੋਲੋਮਾਈਟ ਤੇ ਹੋਰ ਖਣਿਜ ਸੰਪਦਾ ਨਾਲ ਭਰਪੂਰ ਹਨ। ਸਾਡੇ ਪੰਜਾਬ ਦੇ ਕਿਸਾਨ ਅੰਦੋਲਨ ਨੂੰ ਤੋੜਨ ਲਈ ਇਸ ਦੇ ਦੋ ਟੋਟੇ ਕੀਤੇ ਜਾ ਚੁੱਕੇ ਹਨ, ਤਾਂ ਜੋ ਦਿੱਲੀ ਮੋਰਚੇ ਦੇ ਮੋਹਰੀਆਂ ਨੂੰ ਸਬਕ ਸਿਖਾਇਆ ਜਾ ਸਕੇ। ਸਿੰਘੂ ਤੇ ਖਨੌਰੀ ਬਾਰਡਰ 'ਤੇ ਪੁੱਜੇ ਕਿਸਾਨਾਂ ਨਾਲ ਜੋ ਬਰਬਰਤਾ ਕੀਤੀ ਗਈ ਹੈ, ਉਹ ਹਾਕਮਾਂ ਦੇ ਪੰਜਾਬ ਦੇ ਕਿਸਾਨਾਂ ਨਾਲ ਨਫ਼ਰਤ ਦੀ ਉੱਘੜਵੀਂ ਮਿਸਾਲ ਹੈ। ਇਸ ਦੌਰਾਨ ਜਿਹੜੀ ਗੱਲ ਨੋਟ ਨਹੀਂ ਕੀਤੀ ਗਈ, ਉਹ ਇਹ ਕਿ ਸੋਸ਼ਲ ਮੀਡੀਆ ਉੱਤੇ ਪੂਰੀ ਮੁਹਿੰਮ ਚਲਾ ਕੇ ਸਾਰੇ ਦੇਸ਼ 'ਚ ਪੰਜਾਬੀ ਕਿਸਾਨਾਂ ਨੂੰ ਖਾਲਿਸਤਾਨੀ ਵਜੋਂ ਪੇਸ਼ ਕੀਤਾ ਗਿਆ। ਇਸ ਦੇ ਪਿੱਛੇ ਇੱਕ ਬਹੁਤ ਵੱਡੀ ਸਾਜ਼ਿਸ਼ ਹੈ। ਪੰਜਾਬ ਦੇ ਕਿਸਾਨ ਭਾਰਤ ਦੇ ਹੋਰਨਾਂ ਸੂਬਿਆਂ, ਯੂ. ਪੀ, ਰਾਜਸਥਾਨ, ਮੱਧ ਪ੍ਰਦੇਸ਼ ਤੇ ਗੁਜਰਾਤ ਵਿੱਚ ਵੀ ਵੱਡੀ ਗਿਣਤੀ ਵਿੱਚ ਵਸਦੇ ਹਨ। ਇਨ੍ਹਾਂ ਕਿਸਾਨਾਂ ਨੇ ਬੰਜਰ ਜ਼ਮੀਨਾਂ ਨੂੰ ਅਬਾਦ ਕਰਕੇ ਵੱਡੇ-ਵੱਡੇ ਫਾਰਮ ਬਣਾਏ ਹੋਏ ਹਨ। ਇਨ੍ਹਾਂ ਰਾਜਾਂ ਦੇ ਸਥਾਨਕ ਵਸਨੀਕਾਂ ਦਾ ਮੁੱਖ ਕਿੱਤਾ ਪਸ਼ੂ ਪਾਲਣ ਸੀ। ਸਾਡੇ ਕਿਸਾਨਾਂ ਦੇ ਫਾਰਮਾਂ ਨੇ ਇਨ੍ਹਾਂ ਲੋਕਾਂ ਦੇ ਸੈਂਕੜੇ ਪਸ਼ੂਆਂ ਲਈ ਚਰਾਂਦਾਂ ਤੱਕ ਜਾਣ ਦੇ ਰਸਤੇ ਬੰਦ ਜਾਂ ਤੰਗ ਕਰ ਦਿੱਤੇ ਹਨ। ਇਸ ਲਈ ਉਹ ਮਜਬੂਰ ਹੋ ਕੇ ਖੇਤੀ ਵੱਲ ਮੁੜੇ ਹਨ, ਪਰ ਜ਼ਮੀਨਾਂ ਥੋੜ੍ਹੀਆਂ ਹਨ, ਇਸ ਲਈ ਗੁਜ਼ਾਰਾ ਨਹੀਂ ਹੁੰਦਾ। ਉਹ ਬੇਵੱਸ ਹਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਪੁਰਾਣੇ ਵੇਲਿਆਂ ਦੀ ਇੱਕ ਕਸਕ ਜ਼ਰੂਰ ਰਹਿੰਦੀ ਹੈ, ਜਦੋਂ ਇੱਕ-ਇੱਕ ਬੰਦਾ ਸੌ-ਸੌ ਦੇ ਵੱਗ ਨੂੰ ਚਰਾ ਕੇ ਬੇਫਿਕਰ ਆ ਕੇ ਸੌਂ ਜਾਂਦਾ ਸੀ। ਇਹ ਸਾਡਾ ਮੱਧ ਪ੍ਰਦੇਸ਼ ਤੇ ਯੂ. ਪੀ ਦਾ ਨਿੱਜੀ ਤਜਰਬਾ ਹੈ। ਪੀਲੀਭੀਤ ਵਿੱਚ ਸਾਡਾ ਇੱਕ ਰਿਸ਼ਤੇਦਾਰ ਪਰਵਾਰ ਉਥੇ ਲੱਗਭੱਗ 50 ਸਾਲਾਂ ਤੋਂ ਸਥਾਪਤ ਹੈ। ਉਸ ਕੋਲ ਸੈਂਕੜੇ ਏਕੜ ਜ਼ਮੀਨ ਤੇ ਪੀਲੀਭੀਤ ਵਿੱਚ ਵੱਡਾ ਸ਼ਾਪਿੰਗ ਕੰਪਲੈਕਸ ਹੈ, ਪਰ ਹਾਲੇ ਤੱਕ ਵੀ ਉਨ੍ਹਾਂ ਫਿਰੋਜ਼ਪੁਰ ਜ਼ਿਲ੍ਹੇ ਵਿਚਲੀ ਆਪਣੀ ਜ਼ਮੀਨ ਵੇਚੀ ਨਹੀਂ। ਅਸੀਂ ਪੁੱਛਿਆ ਤਾਂ ਕਹਿੰਦੇ-ਪਤਾ ਨਹੀਂ ਕਦੋਂ ਮਾੜੇ ਹਾਲਾਤ ਆ ਜਾਣ ਤੇ ਸਭ ਕੁਝ ਛੱਡ ਕੇ ਵਾਪਸ ਜਾਣਾ ਪਵੇ। ਇਸ ਲਈ ਦਿੱਲੀ ਮੋਰਚੇ ਵੇਲੇ ਵੀ ਤੇ ਹੁਣ ਸਿੰਘੂ-ਖਨੌਰੀ ਮੋਰਚੇ ਵੇਲੇ ਵੀ ਪੰਜਾਬੀ ਕਿਸਾਨਾਂ ਨੂੰ ਖਾਲਿਸਤਾਨੀ ਅੱਤਵਾਦੀ ਪੇਸ਼ ਕਰਨ ਦੀ ਹਾਕਮਾਂ ਵੱਲੋਂ ਵਿੱਢੀ ਮੁਹਿੰਮ ਇੱਕ ਵੱਡੀ ਸਾਜ਼ਿਸ਼ ਹੈ। ਉਹ ਚਾਹੁੰਦੇ ਹਨ ਕਿ ਬਾਹਰਲੇ ਸੂਬਿਆਂ ਵਿੱਚ ਸਥਾਨਕ ਲੋਕਾਂ ਨੂੰ ਪੰਜਾਬੀ ਕਿਸਾਨਾਂ ਵਿਰੁੱਧ ਖੜ੍ਹਾ ਕਰਕੇ ਵੋਟਾਂ ਦੀ ਫ਼ਸਲ ਕੱਟੀ ਜਾਵੇ। ਸਾਡੇ ਸੂਬੇ ਵਿੱਚ ਵੀ ਕੁਝ ਲੋਕ ਹਨ, ਜਿਹੜੇ ਇਹੋ ਚਾਹੁੰਦੇ ਹਨ, ਤਾਂ ਜੋ ਆਪਣੀ ਵੱਖਵਾਦੀ ਲੜਾਈ ਨੂੰ ਅੱਗੇ ਵਧਾ ਸਕਣ। ਇਹ ਨਾ ਕਿਸਾਨਾਂ ਦੇ ਹਿੱਤ ਵਿੱਚ ਹੈ ਨਾ ਬਾਕੀ ਕਿਰਤੀ ਧਿਰਾਂ ਦੇ।

ਇਸ ਸਮੇਂ ਸਾਡਾ ਦੇਸ਼ ਧਰਮ ਤੇ ਕਾਰਪੋਰੇਟ ਗੱਠਜੋੜ ਦੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ। ਹਾਕਮਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਸਾਰੇ ਰਾਜਕੀ ਢਾਂਚੇ 'ਤੇ ਕਬਜ਼ਾ ਕੀਤਾ ਜਾਵੇ। ਮੋਦੀ ਸਰਕਾਰ ਅਧੀਨ ਹੇਠਲੇ ਪੱਧਰ ਦੀਆਂ ਨੌਕਰੀਆਂ ਤੱਕ ਲਈ ਹੁੰਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਲਗਾਤਾਰ ਲੀਕ ਹੋ ਰਹੇ ਪਰਚੇ ਸਿਰਫ਼ ਭ੍ਰਿਸ਼ਟਾਚਾਰ ਜਾਂ ਵਿਕੋਲਿੱਤਰੇ ਵਰਤਾਰੇ ਨਹੀਂ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਰਾਜਸਥਾਨ, ਯੂ. ਪੀ ਤੇ ਮੱਧ ਪ੍ਰਦੇਸ਼ ਵਰਗੇ ਵੱਡੇ ਰਾਜਾਂ ਵਿੱਚ ਹਰ ਪ੍ਰੀਖਿਆ ਪਿੱਛੋਂ ਪੇਪਰ ਲੀਕ ਸਾਹਮਣੇ ਆ ਜਾਂਦਾ ਹੈ। ਇਹ ਇੱਕ ਗਿਣੀ-ਮਿਥੀ ਸਾਜ਼ਿਸ਼ ਹੈ। ਇਸ ਦਾ ਮੰਤਵ ਹਰ ਵਿਭਾਗ ਵਿੱਚ ਸੰਘ ਵੱਲੋਂ ਸਿੱਖਿਆ ਪ੍ਰਾਪਤ ਕਾਰਕੁਨਾਂ ਨੂੰ ਰਾਜਤੰਤਰ ਦਾ ਹਿੱਸਾ ਬਣਾਉਣਾ ਹੈ। ਇਸ ਲਈ ਹਰ ਵਾਰੀ ਹਾਕਮ ਪੇਪਰ ਲੀਕ ਤੋਂ ਇਨਕਾਰ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਕਾਰਪੋਰੇਟਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਹਾਕਮਾਂ ਖ਼ਿਲਾਫ਼ ਲੜਾਈ ਨੂੰ ਹੋਰ ਤਿੱਖਾ ਤੇ ਏਕਤਾਬੱਧ ਕਰਨ ਦੀ ਜ਼ਰੂਰਤ ਹੈ। ਇਹ ਚੰਗੀ ਗੱਲ ਹੈ ਕਿ ਖੱਬੀਆਂ ਪਾਰਟੀਆਂ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਕਿਸਾਨਾਂ, ਕਰਮਚਾਰੀਆਂ ਤੇ ਮਜ਼ਦੂਰਾਂ ਦੀ ਏਕਤਾ ਉਸਰੀ ਹੈ। ਬੀਤੀ 16 .ਫ਼ਰਵਰੀ ਦਾ 'ਭਾਰਤ ਬੰਦ' ਤੇ ਸਫ਼ਲ ਹੜਤਾਲ ਇਸ ਦੇ ਗਵਾਹ ਹਨ। ਇਹ ਸੰਘਰਸ਼ ਲਗਾਤਾਰ ਲੜਨੇ ਪੈਣਗੇ, ਜਦੋਂ ਤੱਕ ਲੋਕ ਸਭਾ ਦੀਆਂ ਚੋਣਾਂ ਵਿੱਚ ਤਾਨਾਸ਼ਾਹੀ ਨੂੰ ਹਾਰ ਨਹੀਂ ਦਿੱਤੀ ਜਾਂਦੀ।

- ਚੰਦ ਫਤਿਹਪੁਰੀ

ਅਜਿਹਾ ਮੇਰੇ ਦੇਸ਼ 'ਚ ਹੀ ਹੋ ਸਕਦੈ !

ਡਾ. ਅਨੂਪ ਸਿੰਘ

ਇਹ ਮੇਰਾ ਦੇਸ਼ ਹੈ, ਭਾਵ ਭਾਰਤ। ਮੈਨੂੰ ਇਸ 'ਤੇ ਮਾਣ ਹੈ, ਪਰ ਮੇਰੇ ਪਿਆਰੇ ਦੇਸ਼ ਵਿਚ ਹਰ ਰੋਜ਼ ਹਾਕਮਾਂ ਸਮੇਤ ਉੱਚ ਅਫਸਰਸ਼ਾਹਾਂ ਨੇ ਕੋਈ ਐਸਾ 'ਚੰਦ' ਚੜ੍ਹਾਇਆ ਹੁੰਦਾ ਹੈ ਕਿ ਮੇਰਾ ਸਿਰ ਆਪਣੇ ਆਪ ਝੁਕ ਜਾਂਦਾ ਹੈ। ਮੈਂ ਉਦਾਸ-ਪ੍ਰੇਸ਼ਾਨ ਹੋ ਜਾਂਦਾ ਹਾਂ ਕਿ ਮੇਰੇ ਦੇਸ਼ 'ਚ ਅੰਮ੍ਰਿਤ ਕਾਲ 'ਚ ਵੀ ਅਜਿਹਾ ਕਿਉਂ ਹੋ ਰਿਹਾ ਹੈ !

ਜੁਲਾਈ 2020 ਵਿਚ, ਇਕ ਪੁਲ, ਜਿਸ ਦਾ ਉਦਘਾਟਨ ਇਕ ਮਹੀਨਾ ਪਹਿਲਾਂ ਹੀ ਕੀਤਾ ਗਿਆ ਸੀ, ਉਹ ਡਿੱਗ ਗਿਆ, ਟੁੱਟ ਗਿਆ ਤੇ ਬਿਖਰ ਗਿਆ । ਜੀ ਜਨਾਬ, ਬਿਹਾਰ ਵਿਚ ਗੰਡਕ ਦਰਿਆ 'ਤੇ ਬਣੇ ਪੁਲ ਨਾਲ ਇਹ ਭਾਣਾ ਵਾਪਰਿਆ । ਉਦੋਂ ਵੀ ਵੱਖਰੀ ਤਰ੍ਹਾਂ ਦੀ ਪਾਰਟੀ ਦਾ ਸਮਰਥਨ ਸੀ ਅਤੇ ਹੁਣ ਵੀ । ਅਮੀਰ-ਵਜ਼ੀਰ ਮੌਜਾਂ ਮਾਣ ਰਹੇ ਹਨ ।

ਗੁਜਰਾਤ ਵਿਚ ਜਿਸ ਦਾ 'ਵਿਕਾਸ ਮਾਡਲ' ਪੂਰੀ ਦੁਨੀਆ ਵਿਚ ਪ੍ਰਚਾਰਿਆ ਜਾ ਰਿਹਾ ਹੈ, ਉਥੇ ਮੋਰਬੀ ਦਰਿਆ 'ਤੇ ਬਣਿਆ ਪੁਲ, ਜਿਸ ਨੂੰ ਮੁਰੰਮਤ ਤੋਂ ਬਾਅਦ ਅਜੇ ਆਵਾਜਾਈ ਲਈ ਖੋਲ੍ਹਿਆ ਹੀ ਗਿਆ ਸੀ, ਉਹ ਅੱਧ-ਵਿਚਕਾਰੋਂ ਟੁੱਟ ਗਿਆ ਅਤੇ ਸਰਕਾਰੀ ਰਿਪੋਰਟਾਂ ਅਨੁਸਾਰ 130 ਕੀਮਤੀ ਜਾਨਾਂ ਚਲੀਆਂ ਗਈਆਂ । ਇਹ ਪੁਲ ਅੰਗਰੇਜ਼ਾਂ ਦੇ ਜ਼ਮਾਨੇ ਦਾ ਬਣਿਆ ਸੀ ਅਤੇ ਭਾਜਪਾ ਸਰਕਾਰ ਨੇ ਇਸ ਦੀ ਮੁਰੰਮਤ ਦਾ ਕੰਮ ਇਕ ਘੜੀਆਂ ਬਣਾਉਣ ਵਾਲੀ ਕੰਪਨੀ ਨੂੰ ਦਿੱਤਾ ਅਤੇ ਉਦਘਾਟਨ ਤੋਂ ਪਹਿਲਾਂ ਹੀ ਇਸ 'ਤੇ ਆਵਾਜਾਈ ਖੋਲ੍ਹ ਦਿੱਤੀ ਗਈ ।

ਅੰਤਰ-ਰਾਸ਼ਟਰੀ ਜਰਨਲ 'ਸਟਰਕਚਰ ਐਂਡ ਇਨਫਰਾਸਟਰਕਚਰ ਇੰਜੀਨੀਅਰਿੰਗ' ਵਿਚ ਪ੍ਰਕਾਸ਼ਤ ਇਕ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਮੇਰੇ ਦੇਸ਼ ਵਿਚ 1977-2017 ਦੇ 40 ਸਾਲਾਂ ਦੇ ਕਾਲ-ਅੰਤਰ ਵਿਚ 2130 ਪੁਲ (ਇਸ 'ਚ ਪੁਲੀਆਂ ਤੇ ਪੈਦਲ ਚੱਲਣ ਵਾਲਿਆਂ ਲਈ ਪੁਲ ਸ਼ਾਮਲ ਨਹੀਂ ਹਨ) ਉਸਾਰੀ ਦੌਰਾਨ ਹੀ ਡਿੱਗ-ਢੱਠ ਗਏ ਜਾਂ ਢਹਿ-ਢੇਰੀ ਹੋ ਗਏ, ਭਾਵ ਹਰ ਸਾਲ 53, ਭਾਵ ਲੱਗਭੱਗ ਹਰ ਹਫ਼ਤੇ ਇਕ। ਇਸ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਭਾਰਤ ਵਿਚ ਪੁਲਾਂ ਦੀ ਔਸਤ ਉਮਰ 35 ਸਾਲ ਹੈ, ਜਦੋਂ ਕਿ ਵਿਸ਼ਵ ਪੱਧਰ 'ਤੇ ਇਹ ਔਸਤ 50 ਸਾਲ ਹੈ । ਵਿਦੇਸ਼ਾਂ 'ਚ ਇਕ ਨਿਸਚਿਤ ਕਾਲਖੰਡ ਬਾਅਦ ਵੇਲਾ-ਵਿਹਾਅ ਚੁੱਕੇ ਪੁਲ ਗਿਰਾ ਦਿੱਤੇ ਜਾਂਦੇ ਅਤੇ ਨਵਿਆਂ ਦੀ ਉਸਾਰੀ ਕੀਤੀ ਜਾਂਦੀ ਹੈ, ਪਰ ਮੇਰੇ ਦੇਸ਼ ਵਿਚ ਕਿਸੇ ਵੱਡੇ ਹਾਦਸੇ ਦੀ ਦਹਾਕਿਆਂ-ਬੱਧੀ ਉਡੀਕ ਕੀਤੀ ਜਾਂਦੀ ਹੈ । ਇਨ੍ਹਾਂ ਹਾਦਸਿਆਂ ਦੇ ਪ੍ਰਮੁੱਖ ਕਾਰਨਾਂ ਵਿਚ (ੳ) ਨਾਕਸ ਟੈਂਡਰ ਪ੍ਰਣਾਲੀ (ਅ) ਗਲਤ ਡਿਜ਼ਾਈਨ, ਬਣਤਰ (ੲ) ਗਲ-ਗਲ ਤੱਕ ਧੱਸਿਆ ਭ੍ਰਿਸ਼ਟਾਚਾਰ (ਸ) ਘਟੀਆ ਸਮਗਰੀ ਦੀ ਵਰਤੋਂ (ਹ) ਰੱਖ-ਰਖਾਅ, ਮੁਰੰਮਤ ਵੱਲ ਧਿਆਨ ਨਾ ਦੇਣਾ (ਕ) ਕਿਸੇ ਦੀ ਵੀ ਜਵਾਬਦੇਹੀ ਨਹੀਂ, ਆਦਿ ਸ਼ਾਮਿਲ ਹਨ ।

ਸੱਤਾਸ਼ੀਲਾਂ ਦੀਆਂ ਗ਼ਲਤ ਨੀਤੀਆਂ, ਤਰਜੀਹਾਂ, ਲੋਕ-ਵਿਰੋਧੀ ਨੀਅਤ ਅਤੇ ਭ੍ਰਿਸ਼ਟਾਚਾਰ ਦੇ ਸਵੈ-ਸ਼ਾਸਨ ਬਾਅਦ ਵੀ ਦੇਸ਼ ਘੋਰ-ਗੁਰਬਤ, ਭੁੱਖਮਰੀ, ਕੁਪੋਸ਼ਣ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਨਾਲ ਜੂਝ ਰਿਹਾ ਹੈ । ਲੋਕਾਂ ਦੇ ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਰੁਜ਼ਗਾਰ ਦੇ ਮਸਲੇ ਹੱਲ ਨਹੀਂ ਹੋਏ । ਸਿੱਟੇ ਵਜੋਂ ਸਾਡੇ ਦੇਸ਼ ਦੇ ਨੌਜਵਾਨ ਹਰ ਜਾਇਜ਼/ਨਜਾਇਜ਼ ਢੰਗ ਨਾਲ ਵਿਦੇਸ਼ੀ ਧਰਤੀਆਂ 'ਤੇ ਰੁਲਣ ਲਈ ਮਜਬੂਰ ਹਨ । 'ਦਾ ਹਿੰਦੂ' ਦੀ ਇਕ ਰਿਪੋਰਟ ਅਨੁਸਾਰ ਕੇਵਲ ਨਵੰਬਰ 2022 ਤੋਂ ਸਤੰਬਰ 2023 ਤੱਕ ਦੇ 11 ਮਹੀਨਿਆਂ ਵਿਚ ਇਕੱਲੇ ਅਮਰੀਕਾ ਵਿਚ ਦਾਖ਼ਲ ਹੋਣ ਲਈ ਸਰਹੱਦ ਪਾਰ ਕਰਦੇ 96917 ਭਾਰਤੀ ਫੜੇ ਗਏ। ਜਿਹੜੇ ਇਸ ਕੋਸ਼ਿਸ਼ ਵਿਚ ਸਫਲ ਹੋ ਗਏ, ਉਨ੍ਹਾਂ ਦਾ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ । ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਨਜਾਇਜ਼ ਦਾਖ਼ਲ ਹੋਣ ਦੀ ਲੋਕ ਪਹਿਲਾਂ ਵੀ ਕੋਸ਼ਿਸ਼ ਕਰਦੇ ਸਨ, ਪਰ ਉਨ੍ਹਾਂ ਦੀ ਗਿਣਤੀ ਕਦੇ ਵੀ ਏਨੀ ਵੱਡੀ ਨਹੀਂ ਸੀ ਹੁੰਦੀ । ਨਜਾਇਜ਼ ਰੂਪ 'ਚ ਦਾਖ਼ਲ ਹੋਣ ਵਾਲਿਆਂ 'ਚ ਪੰਜਾਬੀ ਤੇ ਗੁਜਰਾਤੀ ਪ੍ਰਮੁੱਖ ਹਨ । 2019-20 ਵਿਚ ਨਜਾਇਜ਼ ਦਾਖ਼ਲ ਹੋਣ 'ਤੇ ਫੜੇ ਜਾਣ ਵਾਲਿਆਂ ਦੀ ਗਿਣਤੀ 'ਕੇਵਲ' 19,883 ਸੀ ।

ਭਾਰਤ ਛੱਡਣ ਵਾਲੇ ਲੋਕਾਂ 'ਚ ਕੇਵਲ ਮੱਧ ਵਰਗੀ ਲੋਕ ਹੀ ਸ਼ਾਮਲ ਨਹੀਂ ਹਨ, ਸਗੋਂ ਕਰੋੜਪਤੀ ਧਨਾਢ ਬਿਹਤਰ ਵਾਤਾਵਰਣ ਤੇ ਚੰਗੇਰੀ ਜੀਵਨ-ਸ਼ੈਲੀ ਅਤੇ ਸੁਰੱਖਿਅਤ ਮਾਹੌਲ ਲਈ ਮੇਰੇ ਦੇਸ਼ ਨੂੰ ਛੱਡ ਕੇ ਜਾ ਰਹੇ ਹਨ । ਵਿਸ਼ਵ ਨਿਵੇਸ਼ ਬੈਂਕ 'ਮਾਰਗਨ ਸਟੈਨਲੇ' ਅਨੁਸਾਰ 2014 ਤੋਂ 2018 ਤੱਕ ਭਾਰਤ ਦੇ ਤੇਈ ਹਜ਼ਾਰ ਕਰੋੜਪਤੀਆਂ ਨੇ ਭਾਰਤੀ ਨਾਗਰਿਕਤਾ ਤਿਆਗ ਦਿੱਤੀ ਅਤੇ ਦੂਜੇ ਦੇਸ਼ਾਂ ਦੀ ਨਾਗਰਿਕਤਾ ਹਾਸਲ ਕਰ ਲਈ । ਰੋਜ਼ਾਨਾ 12-13 ਕਰੋੜਪਤੀ ਮੇਰੇ ਦੇਸ਼ ਨੂੰ ਛੱਡ ਰਹੇ ਹਨ । ਇਨ੍ਹਾਂ ਕਮਲਿਆਂ ਨੂੰ ਇਹ ਵੀ ਨਹੀਂ ਪਤਾ ਲੱਗਾ ਕਿ 'ਅੱਛੇ ਦਿਨ' ਆ ਚੁੱਕੇ ਹਨ ਅਤੇ ਚੂਹੇ ਦੀ ਖੁੱਡ ਤੱਕ ਇਹ ਖ਼ਬਰ 2013 ਵਿਚ ਹੀ ਮੀਡੀਆ ਨੇ ਪਹੁੰਚਾ ਦਿੱਤੀ ਸੀ । ਹੈਰਾਨੀ ਦੀ ਗੱਲ ਹੈ ਕਿ 'ਅੱਛੇ ਦਿਨਾਂ' ਦੀ ਖੁਸ਼ਬੂ ਮੇਹੁਲ ਭਾਈ ਚੌਕਸੀ, ਵਿਜੇ ਮਾਲਿਆ, ਲਲਿਤ ਮੋਦੀ ਤੇ ਨੀਰਵ ਮੋਦੀ ਸ

28-FEB-PAGE-5.qxd 2/27/2024 11:02 PM Page 1

ਠੇਕਾ ਮੁਲਾਜ਼ਮ ਬਜਟ ਸੈਸ਼ਨ ਮੌਕੇ ਪਹਿਲੀ ਨੂੰ ਮੋਹਾਲੀ ਵਿਖੇ ਕਰਨਗੇ ਰੋਸ ਪ੍ਰਦਰਸ਼ਨ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਬੈਨਰ ਹੇਠ ਬੱਜਟ ਸੈਸ਼ਨ ਮੌਕੇ 1 ਮਾਰਚ ਨੂੰ ਮੋਹਾਲੀ ਵਿਖੇ ਕੀਤੇ ਜਾ ਰਹੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਦੀ ਤਿਆਰੀ ਵਜੋਂ ਜੀ.ਐਚ.ਟੀ.ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਵੱਲੋਂ ਥਰਮਲ ਪਲਾਂਟ ਦੇ ਮੁੱਖ ਗੇਟ 'ਤੇ ਅੱਜ ਕੀਤੀ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾਈ ਆਗੂਆਂ ਜਗਰੂਪ ਸਿੰਘ ਲਹਿਰਾ, ਜਗਸੀਰ ਸਿੰਘ ਭੰਗੂ ਅਤੇ ਹਰਦੀਪ ਸਿੰਘ ਤੱਗੜ ਨੇ ਕਿਹਾ ਕਿ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ ਸਰਕਾਰ' ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਬ-ਕਮੇਟੀਆਂ ਦਾ ਗਠਨ ਕਰਕੇ ਆਪਣਾ ਸਮਾਂ ਲੰਘਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਵਿੱਚ ਠੇਕੇਦਾਰਾਂ ਤੇ ਕੰਪਨੀਆਂ ਵੱਲੋਂ ਆਊਟਸੋਰਸਡ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਕੀਤੀ ਜਾ ਰਹੀ ਅੰਨ੍ਹੀ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜਬੂਰ ਕੀਤਾ ਹੋਇਆ ਹੈ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਆਊਟਸੋਰਸਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਲਈ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ ਹੈ। ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰਾਂ ਇਨ੍ਹਾਂ ਠੇਕਾ ਮੁਲਾਜ਼ਮਾਂ ਨਾਲ਼ ਨੰਗਾ-ਚਿੱਟਾ ਧੋਖਾ ਕਰ ਰਹੀ ਹੈ। ਸੰਘਰਸ਼ ਮੋਰਚਾ ਪੰਜਾਬ ਵੱਲੋਂ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਸਮੂਹ ਵਿਧਾਇਕਾਂ ਨੂੰ ਹਜ਼ਾਰਾਂ ਮੰਗ ਪੱਤਰ ਭੇਜ ਕੇ ਮੀਟਿੰਗ ਲਈ ਸਮੇਂ ਦੀ ਮੰਗ ਕੀਤੀ ਗਈ, ਪਰ ਇਹ ਮੰਗ ਪੱਤਰ ਮੁੱਖ ਮੰਤਰੀ ਦਫ਼ਤਰ ਵੱਲੋਂ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤੇ ਗਏ। ਮੁੱਖ ਮੰਤਰੀ ਪਾਸੋਂ ਮੀਟਿੰਗ ਦਾ ਸਮਾਂ ਲੈਣ ਲਈ ਮਜ਼ਬੂਰੀਵਸ 'ਮੋਰਚੇ' ਨੂੰ ਸੰਘਰਸ਼ ਦਾ ਰਸਤਾ ਅਖਤਿਆਰ ਕਰਨਾ ਪਿਆ। ਸੰਗਰੂਰ, ਧੂਰੀ, ਲਾਡੋਵਾਲ (ਲੁਧਿਆਣਾ) ਸਮੇਤ ਹੋਰ ਥਾਵਾਂ 'ਤੇ ਕੀਤੇ ਸੰਘਰਸ਼ਾਂ ਉਪਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ 19 ਵਾਰ ਮੁੱਖ ਮੰਤਰੀ ਨਾਲ਼ ਪੈਨਲ ਮੀਟਿੰਗ ਕਰਵਾਉਣ ਦੇ ਲਿਖਤੀ ਭਰੋਸੇ ਦੇਣ ਦੇ ਬਾਵਜੂਦ ਵੀ ਮੋਰਚੇ ਦੀ ਲੀਡਰਸ਼ਿਪ ਨਾਲ਼ ਇੱਕ ਵੀ ਮੀਟਿੰਗ ਕਰਕੇ ਠੇਕਾ ਮੁਲਾਜ਼ਮਾਂ ਤਕਲੀਫ ਸੁਣਨ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਬੱਜਟ ਸੈਸ਼ਨ ਮੌਕੇ ਇੱਕ ਮਾਰਚ ਨੂੰ ਮੋਹਾਲੀ ਵਿਖੇ ਆਪਣੇ ਪਰਵਾਰਾਂ ਸਮੇਤ ਧਰਨਾ ਦੇ ਕੇ ਰੋਸ ਪ੍ਰਦਰਸ਼ਨ ਕਰਨਗੇ। ਆਗੂਆਂ ਨੇ ਮੰਗ ਕੀਤੀ ਕਿ ਸਮੂਹ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ, 15ਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਠੇਕਾ ਮੁਲਾਜ਼ਮਾਂ ਦੀ ਤਨਖ਼ਾਹ ਘੱਟੋ-ਘੱਟ 30 ਹਜ਼ਾਰ ਰੁਪਏ ਨਿਸ਼ਚਿਤ ਕੀਤੀ ਜਾਵੇ ਅਤੇ ਸਮੂਹ ਸਰਕਾਰੀ ਵਿਭਾਗਾਂ ਵਿੱਚੋਂ ਠੇਕੇਦਾਰਾਂ/ਕੰਪਨੀਆਂ ਨੂੰ ਬਾਹਰ ਕਰਕੇ ਵਿਭਾਗਾਂ ਤੇ ਠੇਕਾ ਮੁਲਾਜ਼ਮਾਂ ਦੀ ਹੋ ਰਹੀ ਅੰਨ੍ਹੀ ਲੁੱਟ ਨੂੰ ਬੰਦ ਕੀਤਾ ਜਾਵੇ।

ਸਿਵਲ ਹਸਪਤਾਲ ਦਾ ਮੈਡੀਕਲ ਅਫ਼ਸਰ ਤੇ ਸਫ਼ਾਈ ਸੇਵਕ ਰਿਸ਼ਵਤ ਲੈਂਦੇ ਕਾਬੂ

ਬਠਿੰਡਾ (ਪਰਵਿੰਦਰਜੀਤ ਸਿੰਘ)

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿਮ ਦੌਰਾਨ ਸਿਵਲ ਹਸਪਤਾਲ ਵਿਖੇ ਤਾਇਨਾਤ ਡਾਕਟਰ ਨਰਿੰਦਰਪਾਲ ਸਿੰਘ ਮੈਡੀਕਲ ਅਫ਼ਸਰ ਤੇ ਰਾਮ ਸਿੰਘ ਉਰਫ਼ ਟੀਨੂ ਨਾਂਅ ਦੇ ਸਫ਼ਾਈ ਸੇਵਕ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮਾਂ ਨੂੰ ਪਿੰਡ ਗੁਰੂਸਰ ਸ਼ਹਿਣੇ ਵਾਲਾ, ਜ਼ਿਲ੍ਹਾ ਬਠਿੰਡਾ ਦੇ ਵਸਨੀਕ ਨਿਰਮਲ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮਾਂ ਨੇ ਇੱਕ ਝਗੜੇ ਵਿੱਚ ਜ਼ਖ਼ਮੀ ਹੋਏ ਉਸ ਦੇ ਨੌਕਰ ਦੀ ਮੈਡੀਕੋ ਲੀਗਲ ਰਿਪੋਰਟ (ਐਮ.ਐਲ.ਆਰ.) ਜਾਰੀ ਕਰਨ ਬਦਲੇ 12,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ, ਪਰ 10,000 ਰੁਪਏ ਦੀ ਰਿਸ਼ਵਤ ਦੇਣ ਦਾ ਸੌਦਾ ਤੈਅ ਹੋਇਆ ਹੈ।ਸ਼ਿਕਾਇਤਕਰਤਾ ਨੇ ਕਿਹਾ ਕਿ ਉਕਤ ਦੋਵੇਂ ਮੁਲਜ਼ਮ ਪਹਿਲਾਂ ਇਸ ਸਬੰਧੀ 5 ਹਜ਼ਾਰ ਰੁਪਏ ਮੌਕੇ 'ਤੇ ਹੀ ਲੈ ਚੁੱਕੇ ਹਨ ਅਤੇ ਰਿਸ਼ਵਤ ਦੀ ਬਾਕੀ ਰਕਮ ਮੰਗ ਰਹੇ ਹਨ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਬਠਿੰਡਾ ਰੇਂਜ ਤੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਵਿੱਚ ਉਕਤ ਮੈਡੀਕਲ ਅਫਸਰ ਅਤੇ ਸਫਾਈ ਸੇਵਕ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸ਼ਵਤ ਦੀ ਦੂਜੀ ਕਿਸ਼ਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਗਿਆ।ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਇਸ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ।

ਪੰਜਾਬੀ ਸਾਹਿਤ ਨੂੰ ਪਿੰਡਾਂ 'ਚ ਲਿਜਾਣ ਦਾ ਕੀਤਾ ਜਾ ਰਿਹਾ ਉਪਰਾਲਾ : ਚੌਹਾਨ

ਗੁਰਚਰਨ ਚਾਹਲ ਭੀਖੀ ਦੀ ਯਾਦ 'ਚ ਕਰਾਇਆ ਸਮਾਗਮ

ਸਮਾਗਮ ਨੂੰ ਸੰਬੋਧਨ ਕਰਦੇ ਬੂਟਾ ਸਿੰਘ ਚੌਹਾਨ।

ਭੀਖੀ (ਧਰਮਵੀਰ ਸ਼ਰਮਾ)-ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਨਵਯੁਗ ਸਾਹਿਤ ਕਲਾ ਮੰਚ ਦੇ ਸਹਿਯੋਗ ਨਾਲ ਮਰਹੂਮ ਕਹਾਣੀਕਾਰ ਗੁਰਚਰਨ ਚਾਹਲ ਭੀਖੀ ਦੀਆਂ ਕਹਾਣੀਆਂ 'ਤੇ ਇੱਕ ਸਮਾਗਮ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਕਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਉੱਘੇ ਆਲੋਚਕ ਨਿਰੰਜਣ ਬੋਹਾ ਨੇ ਕੀਤੀ ਤੇ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫੌਜੀ ਨੇ ਆਏ ਪਤਵੰਤਿਆਂ ਨੂੰ ਜੀ ਆਇਆਂ ਕਿਹਾ।

ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਭਾਰਤੀ ਸਾਹਿਤ ਅਕਾਦਮੀ ਦਿੱਲੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਅਕਾਦਮੀ ਵੱਲੋਂ ਸਾਹਿਤ ਨੂੰ ਪਿੰਡਾਂ ਤੱਕ ਲਿਜਾਣ ਲਈ 'ਗ੍ਰਾਮ ਲੋਕ' ਤਹਿਤ ਪਿੰਡਾਂ ਤੇ ਕਸਬਿਆਂ 'ਚ ਜਿਹੜੇ ਸਾਹਿਤਕਾਰ ਇਸ ਦੁਨੀਆਂ ਤੋਂ ਰੁਖਸਤ ਹੋ ਗਏ। ਉਨ੍ਹਾਂ ਦੀਆਂ ਲਿਖਤਾਂ ਨੂੰ ਲੋਕਾਂ 'ਚ ਲਿਜਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਭੀਖੀ ਵਿਖੇ ਗੁਰਚਰਨ ਚਾਹਲ ਭੀਖੀ ਦੀ ਯਾਦ 'ਚ ਇਹ ਸਮਾਗਮ ਕਰਾਇਆ ਗਿਆ ਤੇ ਜ਼ਿਲ੍ਹੇ 'ਚ ਅਜਿਹੇ ਹੋਰ ਵੀ ਸਮਾਗਮ ਕੀਤੇ ਜਾਣਗੇ। ਗੁਰਚਰਨ ਚਾਹਿਲ ਦੀ ਰਚਨਾ ਅਤੇ ਜੀਵਨ 'ਤੇ ਗੱਲ ਕਰਦਿਆਂ ਡਾ. ਲਕਸ਼ਮੀ ਨਰਾਇਣ ਭੀਖੀ ਨੇ ਕਿਹਾ ਕਿ ਗੁਰਚਰਨ ਚਾਹਲ ਭੀਖੀ ਦੀਆਂ ਕਹਾਣੀਆਂ ਅੱਜ ਵੀ ਲੋਕ ਮਨਾਂ 'ਚ ਵਸਦੀਆਂ ਹਨ। ਇਹ ਉਸਦੇ ਰਚਨਾਂ ਸੰਸਾਰ ਦਾ ਹਾਸਲ ਹੈ ਕਿ 3 ਦਹਾਕਿਆਂ ਬਾਅਦ ਉਸਦੀਆਂ ਕਹਾਣੀਆਂ 'ਤੇ ਪੀ.ਐੱਚ.ਡੀ. ਤੇ ਐੱਮ.ਫਿਲ ਤੇ ਥੀਸਸ ਲਿਖੇ ਜਾ ਰਹੇ ਹਨ।

ਕਹਾਣੀਕਾਰ ਦਰਸ਼ਨ ਜੋਗਾ ਨੇ ਕਿਹਾ ਕਿ ਗੁਰਚਰਨ ਚਾਹਿਲ ਦੀ ਜ਼ਿੰਦਗੀ ਭਾਵੇਂ ਬੇਤਰਤੀਬੀ ਸੀ, ਪਰ ਉਸਦੀਆਂ ਕਹਾਣੀਆਂ ਬੜੀ ਤਰਤੀਬ ਤੇ ਅਨੁਸ਼ਾਸ਼ਨਬੱਧ ਹਨ। ਡਾ. ਗੁਰਦੀਪ ਸਿੰਘ ਢਿੱਲੋਂ ਨੇ ਚਾਹਲ ਦੀ ਕਹਾਣੀ 'ਰਾਜ਼ੀ ਬੰਦਾ' 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਸਦੀਆਂ ਕਹਾਣੀਆਂ ਵਿਸਵੀ ਕਹਾਣੀ ਦੇ ਹਾਣ ਦੀਆਂ ਹਨ। ਉਸਦੇ ਪਾਤਰ ਆਮ ਪਿੰਡਾਂ ਦੇ ਲੋਕ ਹਨ, ਜਿਨ੍ਹਾਂ ਨਾਲ ਉਹ ਪੂਰੀ ਤਰ੍ਹਾਂ ਨਾਲ ਇਨਸਾਫ਼ ਕਰਦਾ ਹੈ। ਮੰਚ ਦੇ ਸਰਪ੍ਰਸਤ ਐੱਸ.ਡੀ.ਓ. ਰਜਿੰਦਰ ਸਿੰਘ ਰੋਹੀ ਨੇ ਚਾਹਲ ਦੇ ਨਿੱਜੀ ਜੀਵਨ ਬਾਰੇ ਤੇ ਉਸ ਨਾਲ ਬਿਤਾਏ ਸਮੇਂ ਦੀ ਗੱਲ ਕਰਦਿਆਂ ਕਿਹਾ ਕਿ ਉਹ ਆਪਣੀ ਕਹਾਣੀ ਦੇ ਪਾਤਰ ਆਪਣੇ ਨੇੜੇ-ਤੇੜੇ ਰਹਿੰਦੇ ਲੋਕਾਂ ਚੋਂ ਹੀ ਘੜ ਲੈਂਦਾ ਸੀ।

ਉੱਘੇ ਆਲੋਚਕ ਨਿਰੰਜਣ ਬੋਹਾ ਨੇ ਕਿਹਾ ਕਿ ਗੁਰਚਰਨ ਚਾਹਲ ਭੀਖੀ ਦੀ ਰਚਨਾ ਗੂੜ੍ਹ ਸਾਹਿਤਕ ਨਾ ਹੋ ਕੇ ਆਮ ਲੋਕਾਂ ਦੀ ਗੱਲ ਕਰਦੀ ਹੈ। ਉਸ ਸਮੇਂ ਭਾਵੇਂ ਉਸ ਨੂੰ ਉਸਦੀਆਂ ਕਹਾਣੀਆਂ ਦੇ ਮੇਚ ਦੇ ਪ੍ਰਕਾਸ਼ਕ ਨਹੀਂ ਮਿਲੇ, ਪਰ ਉਸਦੀਆਂ ਲਿਖਤਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਏਨੀਆਂ ਦਮਦਾਰ ਹਨ ਕਿ ਉਨ੍ਹਾਂ 'ਤੇ ਅੱਜ ਵੀ ਕੰਮ ਹੋ ਰਿਹਾ ਹੈ। ਮੰਚ ਸੰਚਾਲਨ ਮਾ. ਅਮਰੀਕ ਭੀਖੀ ਅਤੇ ਗੁਰਿੰਦਰ ਔਲਖ ਨੇ ਬਾਖੂਬੀ ਨਿਭਾਇਆ। ਸਮਾਗਮ ਦੇ ਅੰਤ 'ਤੇ ਨਵਯੁਗ ਸਾਹਿਤ ਕਲਾ ਮੰਚ ਦੇ ਸਾਬਕਾ ਪ੍ਰਧਾਨ ਗੁਰਨਾਮ ਭੀਖੀ ਨੇ ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਸ਼ੁਰੂ 'ਚ ਅਮਨ ਖੀਵਾ ਤੇ ਕ੍ਰਿਸ਼ਨ ਮਾਨਬੀਬੜੀਆਂ ਨੇ ਕਵਿਤਾ ਤੇ ਗੀਤ ਪੇਸ਼ ਕੀਤੇ। ਸਮਾਗਮ ਦੌਰਾਨ ਕਿਸਾਨੀ ਸੰਘਰਸ਼ 'ਚ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ, ਕਹਾਣੀਕਾਰ ਸੁਖਜੀਤ ਅਤੇ ਕਾ. ਹਾਕਮ ਸਿੰਘ ਸਮਾਓ ਦੀ ਪਤਨੀ ਗੁਰਤੇਜ ਕੌਰ ਨੂੰ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਆਸ਼ਾ ਵਰਕਰਾਂ ਤੇ ਆਸ਼ਾ ਫੈਸਲੀਟੇਟਰ ਵੱਲੋਂ ਭਲਕੇ ਸੰਗਰੂਰ 'ਚ ਵਿੱਤ ਮੰਤਰੀ ਨੂੰ ਮਾਸ ਡੈਪੂਟੇਸ਼ਨ ਮਿਲਣ ਦਾ ਫੈਸਲਾ

ਕੋਟਕਪੂਰਾ (ਰਛਪਾਲ ਭੁੱਲਰ)-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸਲੀਟੇਟਰ ਯੂਨੀਅਨ ਸਬੰਧਤ ਏਟਕ ਦੀ ਇੱਕ ਜ਼ਰੂਰੀ ਮੀਟਿੰਗ ਬੀਤੇ ਦਿਨੀਂ ਸੁਰਜੀਤ ਕੌਰ ਪਿੰਕੀ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਹੇਠ ਸਥਾਨਕ ਮਿਊਂਸਪਲ ਪਾਰਕ ਵਿੱਚ ਹੋਈ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਫਾਜ਼ਿਲਕਾ, ਸਾਬਕਾ ਵਿੱਤ ਸਕੱਤਰ ਸਵਰਨਜੀਤ ਕੌਰ ਹਰਾਜ ਨੇ ਉਚੇਚੇ ਤੌਰ 'ਤੇ ਸ਼ਾਮਲ ਹੋ ਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਆਸ਼ਾ ਵਰਕਰਾਂ ਤੇ ਆਸ਼ਾ ਫੈਸਲੀਟੇਟਰ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਇਸ ਕਰਕੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 29 ਫਰਵਰੀ ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੀ ਸੰਗਰੂਰ ਰਿਹਾਇਸ਼ ਵੱਲ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਜਾ ਕੇ ਮਿਲਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਥੇਬੰਦੀ ਮੰਗ ਕਰ ਰਹੀ ਹੈ ਕਿ ਆਸ਼ਾ ਵਰਕਰਾਂ 'ਤੇ ਘੱਟੋ ਘੱਟ ਉਜਰਤ ਕਾਨੂੰਨ ਲਾਗੂ ਕਰਕੇ 26000 ਰੁਪਏ ਮਹੀਨਾ ਮਾਣ ਭੱਤਾ ਦਿੱਤਾ ਜਾਵੇ। ਜਥੇਬੰਦੀ ਵੱਲੋਂ ਪਹਿਲਾਂ ਵੀ ਕਈ ਵਾਰ ਆਮ ਆਦਮੀ ਪਾਰਟੀ ਦੇ ਸਾਰੇ ਐਮ ਐਲ ਏ ਅਤੇ ਰਾਜ ਦੇ ਸਮੂਹ ਸਿਵਲ ਸਰਜਨਾਂ ਰਾਹੀਂ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ । ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਨਾ ਤਾਂ ਅਜੇ ਤੱਕ ਪੰਜਾਬ ਦੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਮੀਟਿੰਗ ਲਈ ਸਮਾਂ ਦਿੱਤਾ ਹੈ ਅਤੇ ਨਾ ਹੀ ਸਿਹਤ ਵਿਭਾਗ ਦੇ ਕਿਸੇ ਉੱਚ ਅਧਿਕਾਰੀ ਨੇ ਇਨ੍ਹਾਂ ਮੰਗਾਂ ਦਾ ਕੋਈ ਸਾਰਥਕ ਹੱਲ ਕੀਤਾ ਹੈ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਆਸ਼ਾ ਵਰਕਰ ਆਗੂ ਸੁਰਿੰਦਰ ਕੌਰ, ਕੁਲਦੀਪ ਕੌਰ, ਰਾਜਵਿੰਦਰ ਕੌਰ, ਜਗਜੀਤ ਕੌਰ, ਹਰਜਿੰਦਰ ਕੌਰ, ਰਾਣੀ ਕੌਰ, ਕ੍ਰਿਸ਼ਨਾ ਦੇਵੀ, ਰਜਿੰਦਰ ਕੌਰ, ਜਸਵੀਰ ਕੌਰ, ਵੀਰਪਾਲ, ਕੌਰ, ਪਰਮਜੀਤ ਕੌਰ, ਚਰਨਜੀਤ ਕੌਰ, ਬਲਵਿੰਦਰ ਕੌਰ, ਗੁਰਪ੍ਰੀਤ ਕੌਰ, ਭਿੰਦਰ ਕੌਰ, ਕੁਲਵਿੰਦਰ ਕੌਰ, ਰਜਨੀ ਰਾਣੀ ਤੇ ਭਿੰਦਰਜੀਤ ਕੌਰ ਆਦਿ ਸ਼ਾਮਲ ਸਨ ।

ਬਬਾਣੀਆਂ ਨੂੰ 3 ਲੱਖ ਦੀ ਗਰਾਂਟ ਜਾਰੀ : ਚੇਅਰਮੈਨ ਕਾਉਣੀ

ਗਿੱਦੜਬਾਹਾ/ਮੁਕਤਸਰ (ਸ਼ਮਿੰਦਰਪਾਲ, ਪੂਜਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦਾ ਸਰਵਪੱਖੀ ਵਿਕਾਸ ਹੋ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ੍ਰੀ ਮੁਕਤਸਰ ਸਾਹਿਬ ਸੁਖਜਿੰਦਰ ਸ

ਉਪ ਮੰਡਲ ਫੂਲ 'ਚ 9 ਨੂੰ ਕੌਮੀ ਲੋਕ ਅਦਾਲਤ

ਜਲੰਧਰ-ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾ ਅਥਾਰਟੀ ਐੱਸ. ਏ. ਐੱਸ. ਨਗਰ ਦੇ ਹੁਕਮਾਂ ਅਤੇ ਸੁਮਿਤ ਮਲਹੋਤਰਾ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਅਥਾਰਟੀ ਦੀ ਰਹਿਨੁਮਈ ਹੇਠ ਉਪ ਮੰਡਲ ਫੂਲ ਵਿਖੇ 9 ਮਾਰਚ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਇਸ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੇ ਚੱਲ ਰਹੇ ਕੇਸਾਂ ਦਾ ਸੁਲਾਹ-ਸਮਝੌਤੇ ਰਾਹੀਂ ਨਿਪਟਾਰਾ ਕਰਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਵਾਸਤੇ ਅਤੇ ਇਸ ਕੌਮੀ ਲੋਕ ਅਦਾਲਤ ਬਾਰੇ ਲੋਕਾਂ ਨੂੰ ਜਾਗਰਿਤ ਕਰਨ ਵਾਸਤੇ 27 ਫਰਵਰੀ ਨੂੰ ਉਪ ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਫੂਲ ਦੀ ਮੀਟਿੰਗ ਦਾ ਆਯੋਜਨ ਉਪ ਮੰਡਲ ਕਚਹਿਰੀ ਫੂਲ ਦੇ ਕਾਨਫਰੰਸ ਹਾਲ ਵਿਖੇ ਕੀਤਾ ਗਿਆ। ਇਸ ਵਿਚ ਮਮਤਾ ਕੱਕੜ ਐੱਸ ਡੀ ਜੇ ਐਮ ਫੂਲ, ਸ਼੍ਰੀਮਤੀ ਜੈਸਮੀਨ ਸ਼ਰਮਾ ਜੇ ਐਮ ਸੀ ਆਈ ਸੀ ਫੂਲ, ਡੀ ਐੱਸ ਪੀ ਫੂਲ ਵੱਲੋਂ ਐਸ ਆਈ ਹਰਪ੍ਰੀਤ ਸਿੰਘ ਐੱਸ ਐੱਚ ਓ ਫੂਲ, ਬੀ ਡੀ ਪੀ ਓ ਵੱਲੋਂ ਗੁਰਜੀਵਨ ਸਿੰਘ ਪੰਚਾਇਤ ਅਫਸਰ ਫੂਲ, ਸੁਰਿੰਦਪਾਲ ਸ਼ਰਮਾ ਪ੍ਰਧਾਨ ਬਾਰ ਐਸੋਸੀਏਸ਼ਨ ਫੂਲ, ਅਸ਼ੋਕ ਕੁਮਾਰ ਤਹਿਸੀਲ ਸੋਸ਼ਲ ਜਸਟਿਸ ਤੇ ਇੰਪਲਾਇਮੈਂਟ ਫੂਲ, ਚਾਂਦ ਕੁਮਾਰ ਏ ਡੀ ਏ ਫੂਲ, ਸੁਨੀਲ ਬਾਂਸਲ ਚੇਅਰਮੈਨ ਬਲੱਡ ਡੋਨਰ ਕੌਂਸਲ, ਮੀਨਾਕਸ਼ੀ ਬਾਂਸਲ ਪ੍ਰਿੰਸੀਪਲ, ਦਿਨੇਸ਼ ਕੁਮਾਰ ਵਕੀਲ ਬਾਰ ਕੌਂਸਲ ਫੂਲ ਵੱਲੋਂ ਸ਼ਿਰਕਤ ਕੀਤੀ ਗਈ। ਇਸ ਕੌਮੀ ਲੋਕ ਅਦਾਲਤ ਨੂੰ ਸਫਲ ਬਣਾਉਣ ਲਈ ਵੱਖ-ਵੱਖ ਅਦਾਰਿਆਂ ਵੱਲੋਂ ਕੀਤੇ ਜਾਂਦੇ ਉਪਰਾਲਿਆਂ ਦੀ ਚਰਚਾ ਕੀਤੀ ਗਈ ਤੇ ਲੋਕਾਂ ਨੂੰ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ ਗਈ।

ਕੋਡਾ ਆਟੋ ਵੱਲੋਂ ਭਾਰਤ ਲਈ ਨਵੀਆਂ ਯੋਜਨਾਵਾਂ ਦਾ ਐਲਾਨ

ਜਲੰਧਰ: ਸਕੋਡਾ ਆਟੋ ਇੰਡੀਆ ਨੇ ਇੱਕ ਆਲ-ਨਿਊ ਕੰਪੈਕਟ ਲਈ ਆਪਣੀਆਂ ਨਵੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਇਸ ਨੂੰ ਭਾਰਤ 'ਚ 2025 ਦੇ ਪਹਿਲੇ ਅੱਧ 'ਚ ਲਾਂਚ ਕੀਤਾ ਜਾਵੇਗਾ। ਇਹ ਕੰਪਨੀ ਦਾ ਭਾਰਤ ਲਈ ਬਣਿਆ ਤੀਜਾ ਉਤਪਾਦ ਹੋਵੇਗਾ। ਐਲਾਨ 'ਤੇ ਟਿੱਪਣੀ ਕਰਦੇ ਹੋਏ ਸਕੋਡਾ ਆਟੋ ਨੇ ਕਿਹਾ ਕਿ ਭਾਰਤ ਦੁਨੀਆ ਭਰ ਵਿੱਚ ਸਕੋਡਾ ਆਟੋ ਦੇ ਵਾਧੇ ਲਈ ਇੱਕ ਬਹੁਤ ਮਹੱਤਵਪੂਰਨ ਬਾਜ਼ਾਰ ਹੈ। ਭਾਰਤ ਆਪਣੀ ਜ਼ਬਰਦਸਤ ਮਾਰਕੀਟ ਸ਼ਕਤੀ ਦੇ ਨਾਲ, ਸਕੋਡਾ ਆਟੋ ਦੇ ਵਿਸ਼ਵ ਭਰ ਦੇ ਦੂਜੇ ਦੇਸ਼ ਦੇ ਬਾਜ਼ਾਰਾਂ ਵਿੱਚ ਵਿਸਤਾਰ ਲਈ ਵਿਕਾਸ ਅਤੇ ਨਿਰਮਾਣ ਅਧਾਰ ਵੀ ਹੈ। ਇਨ੍ਹਾਂ ਦੇਸ਼ਾਂ ਵਿੱਚ ਆਸੀਆਨ ਅਤੇ ਮੱਧ ਪੂਰਬ ਦੇ ਦੇਸ਼ ਵੀ ਸ਼ਾਮਲ ਹਨ। ਸਕੋਡਾ ਆਟੋ ਨੇ ਨਵੰਬਰ 2001 ਵਿੱਚ ਦੁਨੀਆ ਵਿੱਚ ਆਪਣੀ 129 ਸਾਲਾਂ ਦੀ ਵਿਰਾਸਤ ਦੇ ਨਾਲ ਭਾਰਤ ਵਿੱਚ ਪ੍ਰਵੇਸ਼ ਕੀਤਾ। ਵਿਕਰੀ ਦੇ ਲਿਹਾਜ਼ ਨਾਲ 2022 ਕੰਪਨੀ ਲਈ ਸਭ ਤੋਂ ਵੱਡਾ ਸਾਲ ਸੀ।

ਵਰ੍ਹੇਗੰਢ ਮਨਾਈ

ਜਗਦੀਪ ਸਿੰਘ ਗਿੱਲ ਅਤੇ ਹਰਦੀਪ ਕੌਰ ਗਿੱਲ, ਵਾਸੀ ਝੋਰੜਾਂ (ਲੁਧਿਆਣਾ) ਨੇ ਆਪਣੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।

COURT NOTICE

(U/o 5 Rule 20 CPC)
In the Court of Rajbinder Kaur
Civil Judge (Junior Division), Nakodar
CNR No. PBJLA0-000633-2023
Next Date :- 28-03-2024
Suresh Chander Son of Faqir Chand resident of Mohalla Vikas Nager, Shahkot, Distt. Jalandhar
Vs.
M/S Noor Immigration Shahkot through its partner Balwinder Singh
Suit for grant of decree for recovery of Rs. 473550/- alongwith interest as prayed for
Publication Issued to :
M/S Noor Immigration Shahkot through its partner Balwinder Singh Son of Ajit Singh R/o VPO Bajwa Kalan, Tehsil Shahkot, Distt. Jalandhar.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 28.03.2024 at 10:00 A.M.

For details logon to https://highcourtchd.gov.in/?trs=district_notice&district= Jalandhar
Civil Judge (Junior Division) Nakodar
Dated this day of 26-02-2024

COURT NOTICE

In the Court of
Sh.Tarunpreet Singh
Judicial Magistrate-1st Class Ludhiana
CNR No. PBLD03-009490-2021
Next Date: 02-04-2024
Punjab And Sind Bank
Vs.
Subhash Chander
COMA/7357/2021
Publication issued to :-
Subhash Chander S/o Sh. Ram Chander, R/o H. No. 219, Village Hambran, Tehsil and district Ludhiana 141001

In above titled case, the accused could not be served. It is ordered that accused should appear in person or through counsel on 02.04.2024 at 10:00 A.M.

For details logon to https://highcourtchd.gov.in/?trs=district_notice&district= Ludhiana
Judicial Magistrate-1st Class Ludhiana
Dated this day of 14.02.2024

CRIMINAL COURTS, LUDHIANA

In the Court of
Sh.Tarunpreet Singh
Judicial Magistrate- 1st Class Ludhiana
CNR No. PBLD03-047398-2021
Next Date: 28-03-2024
Harish Gupta
Vs.
M/S Koundal Enterprises
COMA/15419/2021
Publication issued to :-
1. M/S Koundal Enterprises, Tenant in Property No 4687, opposite Jain Sathanak, Sunder Nagar, Ludhiana through its proprietor/ authorize Signatory/Partner Ajay Kumar Koundal. 2. Ajay Kumar Koundal proprietor/authorize Signatory/Partner M/S Koundal Enterprises, Tenant in Property No 4687, opposite Jain Sathanak, Sunder Nagar, Ludhiana.
IInd Address : Resident of House No. 8148, Gali No. 8, Near Longia Street, New Shakti Nagar, Basti Jodhewal, Ludhiana.

In above titled case, the accused could not be served. It is ordered that accused should appear in person or through counsel on 28.03.2024 at 10:00 A.M.

For details logon to https://highcourtchd.gov.in/?trs=district_notice&district= Ludhiana
Judicial Magistrate-1st Class Ludhiana
Dated this day of 14.02.2024

COURT NOTICE

(U/o 5 Rule 20 CPC)
In the Court of Sh. Atul Kamboj
Civil Judge (Senior Division), Patiala
CNR No. PBPT02-000752-2024
Next Date: 22-03-2024
Durga Devi
VS
General Public
Publication Issued to :
General Public

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 22.03.2024 at 10:00 A.M.

For details logon to https://highcourtchd.gov.in/?trs=district_notice&district= Patiala
Civil Judge (Senior Division), Patiala
Dated, This day of 26.02.2024

CRIMINAL COURTS, LUDHIANA

In the Court of
MS. Prabha Prashar
Judicial Magistrate-1st Class Ludhiana
CNR No. PBLD03046252018
Peshi: 20-03-2024
Publication Notice for Proclamation under Section 82 CR.PC
Axis Bank Ltd. Vs.
Kuldip Singh and ORS
Petition U/S 138 of Negotiable Instruments Act, 1881 Amended upto date
Notice to:-
1. Kuldip Singh S/o Ajit Singh R/o VPO Nangal Lubana, Distt. Kapurthala, Begowal, Punjab 144621
2. Surinder Kaur W/o Kuldip Singh R/o VPO Nangal Lubana, Distt. Kapurthala, Begowal, Punjab 144621

Whereas it has been proved to the satisfaction of the court that the accused above named cannot be served in the ordinary way of service. Hence this proclamation under section 82 of CRPC is hereby issued against him/them and should appear Personally or through their counsel on 20.03.2024 at 10.00 A.M.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the court.

For details logon to https://highcourtchd.gov.in/?trs=district_notice&district= Ludhiana
Judicial Magistrate-1st Class Ludhiana

केनरा बैंक Canara Bank
भारत सरकार का उपक्रम A Government of India Undertaking

ਜਨਤਕ ਨੋਟਿਸ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਮਨੁਪ੍ਰੀਆ ਭੰਬਰੀ (123226) ਅਫਸਰ (ਮਾਰਕਿਟਿੰਗ), ਖੇਤਰੀ ਦਫ਼ਤਰ, ਨਵੀਂ ਦਿੱਲੀ (ਡੀ ਪੀ-6970) ਨੂੰ ਜਾਰੀ ਚਾਰਜਸ਼ੀਟ ਨੰ: ਡੀ. ਸੀ./ਐੱਚ ਆਰ ਐੱਮ/ਓ ਐੱਫ ਐੱਫ/ਸੀ ਐੱਸ 15/2023 ਮਿਤੀ 01/05/2023 ਸੰਬੰਧੀ ਵਿਭਾਗੀ ਜਾਂਚ 25.07.2023 ਨੂੰ ਇਕਤਰਫਾ ਖਤਮ ਕਰ ਦਿੱਤੀ ਗਈ ਸੀ ਅਤੇ ਜਾਂਚ ਅਥਾਰਟੀ ਦਾ ਮਿਤੀ 18.08.2023 ਦੇ ਜਾਂਚ ਨਤੀਜੇ ਉਸ ਦੀ ਅਧੀਨਗੀ ਲਈ ਉਸ ਦੇ ਆਖਰੀ ਜਾਣਕਾਰੀ ਵਾਲੇ ਰਿਹਾਇਸ਼ੀ ਪਤੇ 'ਤੇ ਸਪੀਡ ਪੋਸਟ ਰਾਹੀਂ ਭੇਜੇ ਗਏ ਸਨ। ਇਸ ਤੋਂ ਬਾਅਦ ਅਨੁਸ਼ਾਸਨੀ ਅਥਾਰਟੀ ਨੇ "ਸੇਵਾ ਤੋਂ ਹਟਾਉਣਾ, ਜੋ ਕਿ ਭਵਿੱਖੀ ਰੁਜ਼ਗਾਰ ਲਈ ਅਯੋਗਤਾ ਨਹੀਂ ਬਣੇਗੀ" ਸਜ਼ਾ ਕਾਰਵਾਈ ਨੰ. ਡੀ. ਸੀ./ਐੱਚ ਆਰ ਐੱਮ/ 1148/2023 (ਡੀਏ-6567) ਮਿਤੀ 04.09.2023 ਵੀ ਉਸ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਸਪੀਡ ਪੋਸਟ ਅਤੇ ਡਾਕ (ਦਫਤਰੀ) ਰਾਹੀਂ ਉਸ ਦੀ ਜਾਣਕਾਰੀ ਹਿੱਤ ਭੇਜੀ ਗਈ ਸੀ। ਪ੍ਰਕਾਸ਼ਨਾ ਜਾਰੀ ਕੀਤੀ ਗਈ ਕਿਉਂਕਿ ਕਰਮਚਾਰੀ ਨੇ ਸਜ਼ਾ ਦੇ ਸੰਚਾਰ ਦੀ ਪ੍ਰਾਪਤੀ ਨੂੰ ਟਾਲ ਦਿੱਤਾ।

ਵਾਸਤੇ ਅਤੇ ਤਰਫੋਂ ਕੇਨਰਾ ਬੈਂਕ
ਅਨੁਸ਼ਾਸਨੀ ਕਾਰਵਾਈ ਸੈੱਲ
38, ਅੰਸਲ ਟਾਵਰਜ਼ 8ਵੀਂ ਮੰਜ਼ਲ
ਨਹਿਰੂ ਪਲੇਸ, ਨਵੀਂ ਦਿੱਲੀ-110019
ਸਥਾਨ : ਨਵੀਂ ਦਿੱਲੀ
ਮਿਤੀ : 27.02.2024

Public Notice

Under the instruction from my client namely M/s CHOLAMANDALAM INVESTMENT AND FINANCE COMPANY LIMITED (CIFCL) 20 Paneser Complex, GT Road, Jalandhar 144001 for issuing the following publication as the property vide Property/House measuring about 4 Marlas (1 Marla 207 sq fts) situated in Abadi Village Nagra, Tehsil & Distt. Jalandhar, Comprised in Khasra no.873/572, 880/572, 56, 57, 26 min, 871/27, 37 min, 872/464, 597, 26 min, 875/27, 37 min, 878/464, 635/28, 876/28 that it has been informed by the company that the parent/chain/link title deed i.e. Original Sale deed no.5450 dt.06-03- 2019 in the name of Himanshu Sangwal and original Sale deed no.11960 dt.30-01-2013 in the name of Pooja Wadem and Rekha Kohli and original Sale deed no.6450 dt. 10-01-2011 in the name of Raj Kumar & Manisha was lost/misplaced from the customer/ borrower/ mortgagor at Basti Bawa Khel, Jalandhar. It has been further informed that DDR dt. 19-02-2024 has also been lodged by Rajwant Kumar s/o Gopal Chand. If any person found the above said title deed, may return the same by way of Registered post to address given above. In case any persons/Financial Institution having any claim/Interest in respect thereof by way of sale, exchanges, gift, mortgage or any objection, please be inform the same in writing to the undersigned in the below mentioned address within 7 days from the date of Publication, with relevant documents in support of their claim/objection. If I have not received any objection within the stipulated days, beyond that no claim is entertained or binding on my client. Note: The above said facts and notice has been drafted under the specific instructions of (CIFCL) and our office/undersigned does not substantiate any of contents mentioned above.
Akhil Chopra Advocate Jalandhar (M): 9417741030. Date: 26-02-2024

PHF LEASING LIMITED
Regd. Off : 87, Radio Colony, Jalandhar – 144001, Punjab
E-Mail id : phf_leasingltd@yahoo.co.in Website : www.phfleasing.com
CIN : L65110PB1992PLC012488 Ph : +91 91151-00401

ਅਸਧਾਰਨ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਕਾਰਪੋਰੇਟ ਮਾਮਲੇ ਸਕਿਉਰਟੀਜ਼ ਅਤੇ ਐਕਸਚੇਂਜ ਆਫ ਬੋਰਡ ਆਫ ਇੰਡੀਆ ਮੰਤਰਾਲੇ ਵੱਲੋਂ ਜਾਰੀ ਸਰਕੂਲਰਾਂ ("ਸਰਕੂਲਰਜ਼") ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ 2013 ਦੀਆਂ ਲਾਗੂ ਵਿਵਸਥਾਵਾਂ ਅਤੇ ਅਧੀਨ ਨੋਟੀਫਾਈਡ ਰੂਲਜ਼ ਦੀ ਪਾਲਣਾ 'ਚ ਕੰਪਨੀ ਦੇ ਮੈਂਬਰਾਂ ਦੀ ਅਸਧਾਰਨ ਜਨਰਲ ਮੀਟਿੰਗ ਵੀਡੀਓ ਕਾਨਫਰੰਸਿੰਗ ("ਵੀ ਸੀ")/ ਹੋਰ ਆਡੀਓ ਵਿਜੂਅਲ ਮੀਨਜ਼ ("ਓ ਏ ਵੀ ਐੱਮ") ਰਾਹੀਂ ਈ ਜੀ ਐੱਮ ਦੇ ਨੋਟਿਸ 'ਚ ਉਲੇਖ ਵਿਸ਼ੇਸ਼ ਕਾਰੋਬਾਰ ਦੇ ਨਿਪਟਾਰੇ ਲਈ 21 ਮਾਰਚ 2024 ਨੂੰ ਹੋਵੇਗੀ।

ਕੰਪਨੀ ਨੇ ਈ-ਵੋਟਿੰਗ ਅਮਲ ਕਾਨੂੰਨਨ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਵਾਸਤੇ ਕੁਮਾਰੀ ਸਾਗਰਿਕਾ ਜੇ ਈ (ਐੱਮ ਨੰ. 61678) ਪ੍ਰੈਕਟਿਸਿੰਗ ਕੰਪਨੀ ਸੈਕ੍ਰੇਟਰੀ ਨੂੰ ਸਕਿਉਰਟੀਨਾਈਜ਼ਰ ਵਜੋਂ ਨਿਯੁਕਤ ਕੀਤਾ ਹੈ।

ਸਰਕੂਲਰਾਂ ਦੀ ਪਾਲਣਾ 'ਚ ਈ ਜੀ ਐੱਮ ਨੋਟਿਸ ਸਮੇਤ ਵਿਖਿਆਤਮਕ ਬਿਆਨ, ਉਨ੍ਹਾਂ ਸਾਰੇ ਸ਼ੇਅਰ ਹੋਲਡਰਾਂ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀ/ਪਾਰਟੀਸੀਪੈਂਟਸ/ਰਜਿਸਟਰਾਰ ਕੋਲ ਬੁੱਕਰਵਾਰ, 16 ਫਰਵਰੀ 2024 ਨੂੰ ਜਾਂ ਪਹਿਲਾਂ ਰਜਿਸਟਰਡ ਹਨ, ਨੂੰ ਈਮੇਲ ਰਾਹੀਂ ਭੇਜੇ ਜਾ ਚੁੱਕੇ ਹਨ। ਈ ਜੀ ਐੱਮ ਕੰਪਨੀ ਦੀ ਵੈੱਬਸਾਈਟ www.phfleasing.com, ਐੱਨ ਐੱਸ ਡੀ ਐੱਲ ਦੀ ਵੈੱਬਸਾਈਟ www.evoting.nsdl.com ਅਤੇ ਸਟਾਕ ਐਕਸਚੇਂਜ ਦੀ ਵੈੱਬਸਾਈਟ ਮੈਟਰੋਪੋਲਿਟਨ ਸਟਾਕ ਐਕਸਚੇਂਜ ਆਫ ਇੰਡੀਆ www.msei.in 'ਤੇ ਵੀ ਉਪਲੱਬਧ ਹੈ।

ਈਮੇਲ ਪਤਾ ਰਜਿਸਟਰ/ਅਪਡੇਟ ਕਰਨ ਦਾ ਤਰੀਕਾ

ਅੱਗੇ, ਜਿਨ੍ਹਾਂ ਸ਼ੇਅਰ ਧਾਰਕਾਂ ਕੋਲ ਡੀਮਟੀਰੀਲਾਈਜ਼ ਮੋਡ 'ਚ ਸ਼ੇਅਰ ਹਨ, ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਈ-ਮੇਲ ਪਤੇ ਅਤੇ ਮੋਬਾਇਲ ਨੰਬਰ ਆਪਣੇ ਸੰਬੰਧਤ ਡਿਪਾਜ਼ਟਰੀਜ਼ ਕੋਲ ਡਿਪਾਜ਼ਟਰੀ ਪਾਰਟੀਸੀਪੈਂਟਸ ਰਾਹੀਂ ਰਜਿਸਟਰ ਕਰਵਾਉਣ। ਬੇਸ਼ੱਕ ਨੋਟਿਸ ਪ੍ਰਾਪਤੀ ਦੇ ਮੰਤਵ ਲਈ ਆਰਜੀ ਰਜਿਸਟਰੇਸ਼ਨ ਲਈ ਸ਼ੇਅਰ ਧਾਰਕ ਆਪਣੇ ਈਮੇਲ ਪਤੇ ਕੁਮਾਰੀ ਸ਼ਿਖਾ ਕਪੂਰ, ਕੰਪਨੀ ਸੈਕ੍ਰੇਟਰੀ ਅਤੇ ਕੰਪਲਾਇੰਸ ਅਫਸਰ ਦੀ ਈਮੇਲ ਆਈ ਡੀ compliance@phfleasing.com 'ਤੇ ਡੀ ਪੀ ਆਈ ਡੀ -ਸੀ ਐੱਲ ਆਈ ਡੀ (16 ਅੰਕਾਂ ਵਾਲੀ ਡੀ ਪੀ ਆਈ ਡੀ+ਸੀ ਐੱਲ ਆਈ ਡੀ ਜਾਂ 16 ਅੰਕਾਂ ਵਾਲੀ ਲਾਭਪਾਤਰੀ ਆਈ ਡੀ) ਨਾਂਅ, ਗਾਹਕ, ਮਾਸਟਰ ਜਾਂ ਏਕੀਕ੍ਰਿਤ ਖਾਤਾ ਸਟੇਟਮੈਂਟ ਦੀ ਨਕਲ, ਪੈਨ (ਖੁਦ ਤਸਦੀਕਸ਼ੁਦਾ ਸਕੈਨ ਕੀਤੀ ਕਾਪੀ), ਅਧਾਰ (ਖੁਦ ਤਸਦੀਕਸ਼ੁਦਾ ਸਕੈਨ ਕੀਤੀ ਕਾਪੀ) ਮੁਹੱਈਆ ਕਰਵਾ ਕੇ ਲਿਖ ਕੇ ਰਜਿਸਟਰ ਕਰਵਾ ਸਕਦੇ ਹਨ।

ਫਿਜ਼ੀਕਲ ਮੋਡ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰ ਨੂੰ ਆਪਣੇ ਈਮੇਲ ਪਤੇ ਕੁਮਾਰੀ ਸ਼ਿਖਾ ਕਪੂਰ ਕੰਪਨੀ ਸੈਕ੍ਰੇਟਰੀ ਅਤੇ ਕੰਪਲਾਇੰਸ ਅਫਸਰ ਦੀ ਈਮੇਲ ਆਈ ਡੀ compliance@phfleasing.com 'ਤੇ ਫੋਲੀਓ ਨੰ. ਨਾਂਅ ਸ਼ੇਅਰ ਸਰਟੀਫਿਕੇਟ ਦੇ ਸਕੈਨ ਕੀਤੀ ਕਾਪੀ (ਸਾਹਮਣਿਓਂ ਤੇ ਪਿੱਛੋਂ), ਪੈਨ (ਖੁਦ ਤਸਦੀਕਸ਼ੁਦਾ ਸਕੈਨ ਕੀਤੀ ਕਾਪੀ), ਅਧਾਰ (ਖੁਦ ਤਸਦੀਕਸ਼ੁਦਾ ਸਕੈਨ ਕਾਪੀ) ਦੇ ਨਾਲ ਲਿਖ ਕੇ ਰਜਿਸਟਰ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ।

ਈ ਜੀ ਐੱਮ ਦੌਰਾਨ ਰਿਮੋਟ ਈ-ਵੋਟਿੰਗ ਅਤੇ ਵੋਟਿੰਗ

ਕੰਪਨੀ ਆਪਣੇ ਮੈਂਬਰਾਂ ਨੂੰ ਈ ਜੀ ਐੱਮ 'ਚ ਉਲੀਕੇ ਗਏ ਬਿਜਨਸ ਤੇ ਇਲੈਕਟ੍ਰਾਨਿਕ ਵੋਟਿੰਗ ਪ੍ਰਣਾਲੀ ਰਾਹੀਂ ਰਿਮੋਟ ਰਾਹੀਂ ਵੋਟ ਪਾਉਣ ਦੀ ਸਹੂਲਤ ਵੀ ਮੁਹੱਈਆ ਕਰਵਾ ਰਹੀ ਹੈ।

ਈ ਵੋਟਿੰਗ ਦਾ ਤਰੀਕਾ ਹੇਠਾਂ ਦਰਸਾਇਆ ਗਿਆ ਹੈ :

1. ਇੱਕ ਵਿਅਕਤੀ ਜਿਸ ਦਾ ਨਾਂਅ ਕੱਟ ਆਫ ਡੇਟ ਜੋ ਕਿ ਵੀਰਵਾਰ, 14 ਮਾਰਚ 2024 ਨੂੰ ਮੈਂਬਰਾਂ ਦੇ ਲਾਭਪਾਤਰੀ ਮਾਲਕਾਂ ਵਾਲੇ ਰਜਿਸਟਰਾਰ 'ਚ ਰਿਕਾਰਡਿਡ ਹੋਵੇਗਾ, ਨੂੰ ਹੀ ਰਿਮੋਟ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਹੋਵੇਗੀ।

2. ਰਿਮੋਟ ਈ-ਵੋਟਿੰਗ ਦਾ ਸਮਾਂ ਸੋਮਵਾਰ 18 ਮਾਰਚ 2024 (ਸਵੇਰੇ 9.00 ਵਜੇ ਆਈ ਐੱਸ ਟੀ) ਨੂੰ ਸ਼ੁਰੂ ਹੋ ਕੇ ਬੁੱਧਵਾਰ , 20 ਮਾਰਚ 2024 (ਸ਼ਾਮ ਦੇ 5.00 ਵਜੇ ਆਈ ਐੱਸ ਟੀ) ਨੂੰ ਖਤਮ ਹੋਵੇਗਾ। ਇਸ ਤੋਂ ਬਾਅਦ ਐੱਨ ਐੱਸ ਡੀ ਐੱਲ ਵੱਲੋਂ ਰਿਮੋਟ ਈ-ਵੋਟਿੰਗ ਮੱਡਿਊਲ ਅਯੋਗ ਕਰ ਦਿੱਤਾ ਜਾਵੇਗਾ। ਜਦੋਂ ਇੱਕ ਮੈਂਬਰ ਵੱਲੋਂ ਰੈਜ਼ੂਲੇਸ਼ਨ 'ਤੇ ਵੋਟ ਪਾ ਦਿੱਤੀ ਜਾਵੇਗੀ, ਉਸ ਨੂੰ ਇਸ 'ਚ ਕੋਈ ਤਬਦੀਲੀ ਕਰਨ ਜਾਂ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।

3. ਕੋਈ ਵਿਅਕਤੀ, ਜੋ ਸ਼ੇਅਰ ਇਕੁਆਇਰ ਕਰਕੇ ਅਤੇ ਈ ਜੀ ਐੱਮ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦਾ ਮੈਂਬਰ ਬਣਦਾ ਹੈ ਅਤੇ ਕੱਟ ਆਫ ਡੇਟ, ਨੂੰ ਸ਼ੇਅਰ ਰੱਖਦਾ ਹੈ ਤਾਂ ਉਹ evoting@nsdl.co.in ਜਾਂ admin@skylinerta.com 'ਤੇ ਬੇਨਤੀ ਕਰ ਕੇ ਲਾਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਬੇਸ਼ੱਕ ਜੇਕਰ ਕੋਈ ਵਿਅਕਤੀ ਪਹਿਲਾਂ ਹੀ ਈ ਵੋਟਿੰਗ ਲਈ ਐੱਨ ਐੱਸ ਡੀ ਐੱਲ ਕੋਲ ਰਜਿਸਟਰਡ ਹੈ ਤਾਂ ਉਹ ਮੌਜੂਦਾ ਯੂਜ਼ਰਜ ਆਈ ਡੀ ਅਤੇ ਪਾਸਵਰਡ ਵੋਟ ਪਾਉਣ ਲਈ ਵਰਤ ਸਕਦਾ ਹੈ।

4. ਈ ਜੀ ਐੱਮ ਵਾਲੇ ਦਿਨ ਈ ਵੋਟਿੰਗ ਦੀ ਪ੍ਰਕਿਰਿਆ ਰਿਮੋਟ ਈ ਵੋਟਿੰਗ ਨੋਟਿਸ 'ਚ ਦਰਸਾਈਆਂ ਗਈਆਂ ਹਦਾਇਤਾਂ ਅਨੁਸਾਰ ਹੋਵੇਗੀ।

5. ਸਿਰਫ ਉਹ ਸ਼ੇਅਰ ਧਾਰਕ ਜਿਹੜੇ ਕਿ ਵੀ ਸੀ/ਓ ਏ ਵੀ ਐੱਮ ਸਹੂਲਤ ਰਾਹੀਂ ਏ ਜੀ ਐੱਮ 'ਚ ਹਾਜਰ ਹੋਣਗੇ ਅਤੇ ਰਿਮੋਟ ਈ ਵੋਟਿੰਗ ਰਾਹੀਂ ਰੈਜ਼ੂਲੂਸ਼ਨਾਂ 'ਤੇ ਆਪਣੀ ਵੋਟ ਨਹੀਂ ਪਾਈ ਹੋਵੇਗੀ ਅਤੇ ਉਹਨਾਂ 'ਤੇ ਅਜਿਹਾ ਕਰਨ 'ਤੇ ਪਾਬੰਦੀ ਨਹੀਂ ਲੱਗੀ ਹੋਵੇਗੀ ਈ ਜੀ ਐੱਮ ਦੌਰਾਨ ਉਪਲੱਬਧ ਈ ਵੋਟਿੰਗ ਰਾਹੀਂ ਵੋਟ ਪਾਉਣ ਦੇ ਯੋਗ ਹੋਣਗੇ।

6. ਰਿਮੋਟ ਈ ਵੋਟਿੰਗ ਰਾਹੀਂ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰ ਚੁੱਕੇ ਮੈਂਬਰ ਈ ਜੀ ਐੱਮ 'ਚ ਹਿੱਸਾ ਲੈ ਸਕਦੇ ਹਨ, ਪ੍ਰੰਤੂ ਈ ਜੀ ਐੱਮ ਦੌਰਾਨ ਉਹਨਾਂ ਨੂੰ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ। ਵੀ ਸੀ ਜਾਂ ਓ ਏ ਵੀ ਐੱਮ ਰਾਹੀਂ ਮੀਟਿੰਗ 'ਚ ਹਾਜਰ ਸੰਬੰਧੀ ਹਦਾਇਤਾਂ ਦੇ ਵੇਰਵ

28-FEB-PAGE-7.qxd 2/27/2024 11:01 PM Page 1

ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਮੰਗਾਂ ਦੇ ਸੰਬੰਧ 'ਚ ਦਸ ਦਿਨਾਂ ਤੋਂ ਲਗਾਇਆ ਜਾ ਰਿਹਾ ਧਰਨਾ

ਮੱਖੂ (ਰਛਪਾਲ ਸਿੰਘ ਸੰਧੂ)

ਆਲ ਪੰਜਾਬ ਆਂਗਣਵਾੜੀ ਵਰਕਰ ਯੂਨੀਅਨ ਬਲਾਕ ਮਖੂ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਬਲਾਕ ਪ੍ਰਧਾਨ ਜੀਵਨ ਸ਼ਰਮਾ ਦੀ ਅਗਵਾਈ 'ਚ ਦਫਤਰ ਸੀ ਡੀ ਪੀ ਓ ਮਖੂ ਵਿਖੇ ਆਪਣੀਆਂ ਹੱਕੀ ਮੰਗਾਂ ਅਤੇ ਪਿਛਲੇ 6 ਮਹੀਨਿਆਂ ਤੋਂ ਤਨਖਾਹ ਨਾ ਮਿਲਣ ਦੇ ਸਬੰਧ 'ਚ 10 ਦਿਨਾਂ ਤੋਂ ਧਰਨਾ ਲਗਾਇਆ ਜਾ ਰਿਹਾ ਹੈ। ਆਲ ਪੰਜਾਬ ਆਂਗਣਵਾੜੀ ਵਰਕਰ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵੱਲੋਂ ਧਰਨੇ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਅਤੇ ਕਿਹਾ ਕਿ ਅਗਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਮਸਲੇ ਜਲਦ ਹੱਲ ਨਾ ਹੋਏ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਸੀ ਡੀ ਪੀ ਓ ਮਖੂ ਸੁਖਵਿੰਦਰ ਕੌਰ ਨੂੰ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪਦੇ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਕਿਹਾ ਕਿ ਸੈਂਟਰ ਸ਼ੇਅਰ ਤਿੰਨ ਮਹੀਨਿਆਂ ਦਾ ਰਲੀਜ਼ ਹੋ ਚੁੱਕਿਆ ਹੈ। ਜਦ ਕਿ ਤਿੰਨ ਮਹੀਨਿਆਂ ਦਾ ਸੈਂਟਰ ਸ਼ੇਅਰ ਅਤੇ 6 ਮਹੀਨਿਆਂ ਦਾ ਸਟੇਟ ਸ਼ੇਅਰ ਬਕਾਇਆ ਰਹਿਣ ਕਾਰਨ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਬਿੰਨਾਂ ਤਨਖਾਹ ਤੋਂ ਕੰਮ ਕਰਨ ਲਈ ਮਜਬੂਰ ਹਨ। ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਬੱਚੇ ਭੁੱਖੇ ਮਰ ਰਹੇ ਹਨ ਅਤੇ ਸਕੂਲਾਂ ਦੀਆਂ ਫੀਸਾਂ ਨਾ ਭਰਨ ਕਾਰਨ ਬੱਚੇ ਘਰ ਬੈਠੇ ਹਨ। ਉਨ੍ਹਾਂ ਕਿਹਾ ਕਿ ਜਦ ਤੱਕ ਉਨ੍ਹਾਂ ਦੇ ਬਾਕੀ ਪੈਸੇ ਖਾਤਿਆਂ ਵਿੱਚ ਨਹੀਂ ਪੈਂਦੇ ਉਸ ਵਕਤ ਤੱਕ ਅਣਮਿੱਥੇ ਸਮੇਂ ਲਈ ਧਰਨਾ ਜਾਰੀ ਰੱਖਿਆ ਜਾਵੇਗਾ ਅਤੇ ਸੈਂਟਰਾਂ ਅਤੇ ਪੋਸ਼ਣ ਟਰੈਕਰ ਦਾ ਕੰਮ ਨਹੀਂ ਕੀਤਾ ਜਾਵੇਗਾ। ਇਸ ਧਰਨੇ ਵਿਚ ਬਲਾਕ ਪ੍ਰਧਾਨ ਜੀਵਨ ਸ਼ਰਮਾ, ਮੀਤ ਪ੍ਰਧਾਨ ਸੁਲਕਸ਼ਨਾ, ਸੁਖਵਿੰਦਰ ਕੌਰ, ਸਰਕਲ ਪ੍ਰਧਾਨ ਸੁਖਵੰਤ ਕੌਰ, ਜਨਰਲ ਸਕੱਤਰ ਗੁਰਮੀਤ ਕੌਰ, ਬਲਜੀਤ ਕੌਰ, ਮਨਜੀਤ ਕੌਰ, ਸੁਖਵੰਤ ਕੌਰ, ਜਸਬੀਰ ਕੌਰ ਆਦਿ ਹਾਜ਼ਰ ਸਨ।

ਰਿਤਿਕਾ ਗੁਪਤਾ ਨੇ ਜੱਜ ਬਣ ਕੇ ਹਲਕਾ ਅਮਲੋਹ ਦਾ ਵਧਾਇਆ ਮਾਣ

ਮੰਡੀ ਗੋਬਿੰਦਗੜ੍ਹ (ਲਖਵੀਰ ਸਿੰਘ, ਹਰਚਰਨ ਉਪਲ)-ਮੰਡੀ ਗੋਬਿੰਦਗੜ੍ਹ ਦੀ ਜੱਜ ਬਣੀ ਰਿਤਿਕਾ ਗੁਪਤਾ ਦਾ ਘਰ ਪਹੁੰਚਣ 'ਤੇ ਪਰਵਾਰ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਉਥੇ ਹੀ ਮੰਡੀ ਗੋਬਿੰਦਗੜ੍ਹ ਦੇ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ ਅਤੇ ਪਰਵਾਰ ਵਾਲੇ ਬੇਟੀ ਉਪਰ ਮਾਣ ਮਹਿਸੂਸ ਕਰ ਰਹੇ ਹਨ। ਪਰਵਾਰ ਨੇ ਕਿਹਾ ਕਿ ਰਿਤਿਕਾ ਨੇ ਛੋਟੀ ਉਮਰ ਵਿੱਚ ਜੱਜ ਬਣਨ ਦਾ ਸੁਪਨਾ ਲਿਆ ਸੀ ਅਤੇ ਹੁਣ ਪੂਰਾ ਹੋ ਗਿਆ। ਇਸ ਮੌਕੇ ਰਿਤਿਕਾ ਗੁਪਤਾ ਨੇ ਲੜਕੀਆਂ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਜੇਕਰ ਤੁਸੀਂ ਪੱਕੇ ਇਰਾਦੇ ਨਾਲ ਸਖ਼ਤ ਮਿਹਨਤ ਕਰੋਗੇ ਤਾਂ ਤੁਹਾਨੂੰ ਸਫਲਤਾ ਜ਼ਰੂਰ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਉਹ ਇਸ ਅਹੁਦੇ 'ਤੇ ਰਹਿੰਦੇ ਹੋਏ ਹਮੇਸ਼ਾ ਸੱਚ ਦਾ ਸਾਥ ਦੇਣਗੇ ਅਤੇ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਸੱਚੇ ਮਨ ਨਾਲ ਸਹੀ ਫੈਸਲਾ ਲੈਣਗੇ ਤਾਂ ਜੋ ਕਿਸੇ ਨਾਲ ਧੱਕਾ ਨਾ ਹੋਵੇ, ਉਥੇ ਹੀ ਰਿਤਿਕਾ ਦੇ ਪਿਤਾ ਸੀ ਏ ਰਜਨੀਸ਼ ਗੁਪਤਾ ਅਤੇ ਮਾਤਾ ਮਨੀਸ਼ਾ ਗੁਪਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਬੇਟੀ ਤੇ ਫਕਰ ਹੈ ਜਿਸ ਨੇ ਆਪਣੀ ਮਿਹਨਤ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਰਿਤਿਕਾ ਦੇ ਦਾਦਾ ਦਾ ਇਹ ਸਪਨਾ ਸੀ ਜਿਸ ਨੂੰ ਉਸ ਨੇ ਪੂਰਾ ਕੀਤਾ ਹੈ।

ਸਾਹਿਤ ਸਭਾ ਧੂਰੀ ਨੇ ਸਨਮਾਨ ਸਮਾਰੋਹ ਕਰਵਾਇਆ

ਧੂਰੀ (ਸੁਖਦੇਵ ਧੂਰੀ)

ਬੀਤੇ ਦਿਨੀਂ ਸਾਹਿਤ ਸਭਾ ਰਜਿ: ਧੂਰੀ ਵਲੋਂ ਮਾਲਵਾ ਸੀ:ਸੈ:ਸ: ਧੂਰੀ ਦੇ ਸਾਹਿਤ ਸਦਨ ਵਿਚ ਪਵਨ ਹਰਚੰਦਪੁਰੀ ਪ੍ਰਧਾਨ ਕੇਂ ਪੰ: ਲੇਖਕ ਸਭਾ ਸੋਖੋਂ ਦੀ ਪ੍ਰਧਾਨਗੀ ਹੇਠ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਉੱਘੇ ਸਮਾਜ ਸੇਵੀ ਹਰਜੀਤ ਸਿੰਘ ਸੋਹੀ ਸੇਵਾ ਮੁਕਤ ਕਮਿਸ਼ਨਰ ਇਨਕਮ ਟੈਕਸ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨ ਵਜੋਂ ਪਿੰ: ਸਰਬਜੀਤ ਕੌਰ, ਹੰਸ ਰਾਜ ਗਰਗ, ਮਲਕੀਤ ਸਿੰਘ ਚਾਂਗਲੀ ਪਿੰ: ਸੁਖਜੀਤ ਕੌਰ ਸੋਹੀ ਤੇ ਸੁਰੇਸ਼ ਬਾਂਸਲ ਹਾਜ਼ਰ ਸਨ। ਸਾਹਿਤ ਸਭਾ ਧੂਰੀ ਰਜਿ: ਵਲੋਂ ਸਾਹਿਤ ਸਦਨ ਦੇ ਕਰਵਾਏ ਗਏ ਨਵੀਨੀਕਰਨ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਮੁੱਖ ਮਹਿਮਾਨ ਵਲੋਂ ਸਨਮਾਨ ਚਿੰਨ੍ਹ ਤੇ ਸ਼ਾਲ ਦੇ ਕੇ ਸਨਮਾਨ ਕੀਤਾ ਗਿਆ। ਸਨਮਾਨਿਤ ਸ਼ਖਸੀਅਤਾਂ ਵਿੱਚ, ਰਾਈਸੀਲਾ ਗਰੁੱਪ ਆਫ ਇੰਡਸਟ੍ਰੀ, ਜੀਵਨ ਸਿੰਘ ਰੰਘਰੇਟਾ ਸੰਸਥਾ, ਪਿੰ: ਕਿਰਪਾਲ ਸਿੰਘ ਜਵੰਧਾ,ਪੁਸ਼ਪਾ ਰਾਣੀ ਪਤਨੀ ਪਵਨ ਹਰਚੰਦਪੁਰੀ, ਜਤਿੰਦਰ ਸਿੰਘ ਸੋਨੀ ਮੰਡੇਰ, ਹੰਸ ਰਾਜ ਗਰਗ, ਮਲਕੀਤ ਸਿੰਘ ਚਾਂਗਲੀ, ਮਾਸਟਰ ਮਿਸ਼ਰਾ ਸਿੰਘ, ਪਿੰ: ਸੁਖਜੀਤ ਕੌਰ ਸੋਹੀ, ਨਵੇਂ ਬਣੇ ਮੈਂਬਰ

ਨਾਦਿਰਾ ਭੱਟੀ, ਕਿਰਨਜੀਤ ਕੌਰ, ਸਾਹਿਤ ਸਭਾ ਦੇ ਮੈਂਬਰਾਨ ਅਤੇ ਹੋਰ ਸਹਿਯੋਗ ਦੇਣ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਕਵੀ ਦਰਬਾਰ ਵਿੱਚ ਕਵੀ ਅਮਰਜੀਤ ਅਮਨ, ਡਾ. ਅਮਰਜੀਤ ਸਿੰਘ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ, ਸੱਤਪਾਲ ਪ੍ਰਾਸ਼ਰ, ਗੁਲਜ਼ਾਰ ਸਿੰਘ ਸ਼ੌਕੀ, ਡਾ. ਰਜਿੰਦਰ ਪਾਲ, ਨਾਦਿਰਾ ਭੱਟੀ, ਨਾਦਰਅਲੀ ਭੱਟੀ, ਡਾ. ਹਰਪਾਲ ਭੜੀ, ਗੁਰਤੇਜ ਤੇਜੀ, ਸੁਰਿੰਦਰ ਅਜਨਬੀ, ਸ਼ੇਰ ਸਿੰਘ, ਹੰਸ ਰਾਜ ਗਰਗ, ਮੋਹਿੰਦਰ ਜੀਤ ਸਿੰਘ, ਸੁਖਵਿੰਦਰ ਸਿੰਘ, ਜਸਮੇਲ ਸਿੰਘ, ਗੁਰਦੀਪ ਕੈਂਥ, ਸੁਖਵਿੰਦਰ ਸੁੱਖੀ, ਜਗਸੀਰ ਸਿੰਘ, ਦਰਸ਼ਨ ਸਿੰਘ ਪ੍ਰਧਾਨ, ਕੁਲਵਿੰਦਰ ਕਿੰਦੀ, ਨਾਹਰ ਸਿੰਘ ਮੁਬਾਰਕਪੁਰੀ, ਡਾ.ਰਾਕੇਸ਼ ਸ਼ਰਮਾ ਅਤੇ ਰਣਜੀਤ ਸਿੰਘ ਗਜ਼ਲਗੋ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੁੱਖ ਮਹਿਮਾਨ ਸੇਵਾ ਮੁਕਤ ਕਰ ਕਮਿਸ਼ਨਰ ਹਰਜੀਤ ਸਿੰਘ ਸੋਹੀ ਨੇ ਸਾਹਿਤ ਸਭਾ ਵਲੋਂ ਕੀਤੇ ਨਵੀਨੀਕਰਨ ਦੇ ਉਪਰਾਲੇ ਲਈ ਵਧਾਈ ਦਿੱਤੀ। ਸਭਾ ਵਲੋਂ ਸਨਮਾਨ ਚਿੰਨ੍ਹ ਤੇ ਸ਼ਾਲ ਦੇ ਕੇ ਹਰਜੀਤ ਸਿੰਘ ਸੋਹੀ ਸਾਹਿਬ ਦਾ ਸਨਮਾਨ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਹਰਜੀਤ ਸਿੰਘ ਸੋਹੀ ਤੇ ਸਾਰੀ ਸਭਾ ਵਲੋਂ ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ ਸਾਹਿਤ ਸਭਾ ਧੂਰੀ ਦਾ ਸਾਰੇ ਪ੍ਰੋਜੈਕਟ ਨੂੰ ਸਿਰੇ ਚਾੜ੍ਹਨ ਲਈ ਸਨਮਾਨ ਚਿੰਨ੍ਹ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ। ਸਟੇਜ ਦੀ ਕਾਰਵਾਈ ਸੰਤ ਸਿੰਘ ਬੀਹਲਾ ਨੇ ਨਿਭਾਈ। ਅੰਤ ਵਿੱਚ ਪਵਨ ਹਰਚੰਦ ਪੁਰੀ ਨੇ ਪ੍ਰਧਾਨਗੀ ਭਾਸ਼ਣ ਵਿੱਚ ਸਭਾ ਦੇ ਕੰਮਕਾਰ ਨੂੰ ਸਲਾਹਿਆ ਤੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਕਾਤਰਾਂ

ਹਰ ਇਨਸਾਨ ਨੂੰ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ : ਅਤੁੱਲ ਲੁਟਾਵਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)- ਅਮਲੋਹ ਸ਼ਹਿਰ ਦੇ ਵਾਰਡ ਨੰਬਰ 4 ਤੋਂ ਸਮਾਜ ਸੇਵਕ ਅਤੁੱਲ ਲੁਟਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਹਰ ਇਨਸਾਨ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਕਿਉਂਕਿ ਇਨਸਾਨੀਅਤ ਦੇ ਨਾਤੇ ਉਨ੍ਹਾਂ ਦਾ ਫਰਜ਼ ਵੀ ਬਣਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਵੱਲੋਂ ਵੀ ਮਾਨਵਤਾ ਦੀ ਭਲਾਈ ਲਈ ਆਪਣੇ ਸਾਥੀਆਂ ਨਾਲ ਰਲ ਕੇ ਮਾਨਵ ਭਲਾਈ ਮੰਚ ਦਾ ਗਠਨ ਕੀਤਾ ਗਿਆ ਸੀ ਜਿਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ ਜਾਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਕੰਮ ਜਾਰੀ ਰਹਿਣਗੇ। ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਜ਼ਰੂਰ ਕਰਨ।

4 ਨੂੰ ਕੱਢੀ ਜਾਵੇਗੀ ਸ਼ੋਭਾ ਯਾਤਰਾ

ਬਾਘਾ ਪੁਰਾਣਾ (ਮਨੀ ਸਿਗਲਾ)-ਪ੍ਰਾਚੀਨ ਸ਼੍ਰੀ ਸ਼ਿਵ ਸ਼ਨੀ ਮੰਦਰ ਪ੍ਰਬੰਧਕ ਕਮੇਟੀ (ਮਾਲ ਸਾਹਿਬ) ਦੇ ਪ੍ਰਧਾਨ ਸ਼੍ਰੀ ਰਾਜ ਕੁਮਾਰ ਗਰਗ ਦੀ ਅਗਵਾਈ 8 ਮਾਰਚ ਨੂੰ ਮਹਾਂਸ਼ਿਵਰਾਤਰੀ ਉਤਸਵ ਸ੍ਰੀ ਸ਼ਿਵ ਸ਼ਨੀ ਮੰਦਰ ਵਿਖੇ ਧੂਮ-ਧਾਮ ਨਾਲ ਮਨਇਆ ਜਾ ਰਿਹਾ ਹੈ, ਜਿਸ ਦੇ ਸਬੰਧ ਵਿੱਚ ਮੰਦਰ ਵਿਖੇ ਮੈਂਬਰਾਂ ਵੱਲੋਂ ਇਕ ਕਾਰਡ ਜਾਰੀ ਕੀਤਾ ਗਿਆ। ਸ਼ਿਵਰਾਤਰੀ ਦੇ ਸਬੰਧ ਵਿਚ ਸ਼ੋਭਾ ਯਾਤਰਾ (ਭੋਲੇ ਦੀ ਬਰਾਤ) 4 ਮਾਰਚ ਨੂੰ ਕੱਢੀ ਜਾਵੇਗੀ, ਜੋ ਪੂਰੇ ਸ਼ਹਿਰ ਦੀ ਪ੍ਰਕਰਮਾ ਕਰੇਗੀ ਅਤੇ ਤਿਆਰੀਆਂ ਪੂਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆ ਹਨ ਅਤੇ ਸੇਵਾਦਾਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਇਸ ਮੌਕੇ ਪ੍ਰਧਾਨ ਸ਼੍ਰੀ ਰਾਜ ਕੁਮਾਰ ਗਰਗ, ਯੋਗੇਸ਼ ਬਾਂਸਲ ਯੋਗੀ, ਦੀਪਕ ਬਾਂਸਲ ਰੇਲੂ, ਜਸਵੀਰ ਕੁਮਾਰ ਸ਼ੇਰੀ, ਜੌਨੀ ਗਰਗ, ਮੁਨੀਸ਼ ਗਰਗ ਟੀਨੀ, ਵਿਜੇ ਕਾਲੜਾ, ਬੰਟੀ ਅਰੋੜਾ, ਸੁਰਿੰਦਰ ਕੁਮਾਰ ਛਿੰਦੂ, ਲਵਪ੍ਰੀਤ ਸਿੰਘ ਲਵ, ਅਵਿਨਾਸ਼ ਕੁਮਾਰ ਮੋਨੂੰ, ਪਰਮ ਮਸੌਨ ਹੈਪੀ, ਦੀਪੂ, ਜਸ਼ਨ ਝੰਜੀ, ਕਮਲ ਕਿਸ਼ੋਰ, ਅਸ਼ੀਸ਼ ਝੰਜੀ, ਜਤਿਨ ਅਰੋੜਾ, ਜੁਗਨੂੰ ਗਰੋਵਰ ਅਤੇ ਹੋਰ ਹਾਜ਼ਰ ਸਨ।

ਗੁਰੂ ਨਾਨਕ ਨੈਸ਼ਨਲ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ

ਦੋਰਾਹਾ (ਹਰਮਿੰਦਰ ਸੇਠ)-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਬੀ.ਐੱਸ. ਸੀ. ਅਤੇ ਬੀ.ਸੀ.ਏ. ਦੇ ਨਤੀਜੇ ਐਲਾਨੇ ਗਏ, ਜਿਨ੍ਹਾਂ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੇ ਵਿਦਿਆਰਥੀਆਂ ਨੇ ਖ਼ੂਬ ਮੱਲਾਂ ਮਾਰੀਆਂ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਬੀ.ਐੱਸ. ਸੀ. ਪੰਜਵਾਂ ਸਮੈਸਟਰ ਵਿੱਚੋਂ ਜੈਸਮੀਨ ਕੌਰ ਨੇ 86.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਅਮਨਪ੍ਰੀਤ ਕੌਰ ਤੇ ਰਜਨੀ ਨੇ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਬੀ.ਸੀ.ਏ. ਪੰਜਵਾਂ ਸਮੈਸਟਰ ਸੰਦੀਪ ਸਿੰਘ ਨੇ 82% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ, ਪਰਮਜੋਤ ਸਿੰਘ ਨੇ 79.25% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਗੁਰਲੀਨ ਕੌਰ ਤੇ ਕਰਮਜੀਤ ਸਿੰਘ ਨੇ 78.75% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ.ਸੀ.ਏ. ਤੀਸਰਾ ਸਮੈਸਟਰ ਵਿੱਚੋਂ ਮਾਨਸੀ ਨੇ 83.2% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਦੀਪਕ ਕੁਮਾਰ ਨੇ 81.8% ਅੰਕ ਪ੍ਰਾਪਤ ਕਰਕੇ ਦੂਜਾ ਤੇ ਅਨੂਪ੍ਰੀਤ ਕੌਰ ਨੇ 76.5% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਬੀ.ਸੀ.ਏ. ਪਹਿਲਾ ਸਮੈਸਟਰ ਵਿੱਚੋਂ ਰਾਜਵੀਰ ਕੌਰ ਨੇ 74% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਹਰਸ਼ਦੀਪ ਕੌਰ ਨੇ 72.5% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਿਧੀ ਮੌਰਿਆ ਨੇ 71.25% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਇਸ ਸਾਲ ਵੀ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ।

ਮੋਦੀ ਸਰਕਾਰ ਕਿਸਾਨਾਂ ਦੀ ਜ਼ਿੰਦਗੀ ਨਾਲ ਨਾ ਖੇਡੇ : ਢਿੱਲੋਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਾਡੇ ਦੇਸ਼ ਦੇ ਕਿਸਾਨ ਬਹੁਤ ਸਾਰੀਆਂ ਘੋਰ ਸਮੱਸਿਆਵਾਂ ਨਾਲ ਜੂਝ ਰਹੇ ਹਨ। ਬੀਤੇ ਕਈ ਸਾਲਾਂ ਤੋਂ ਉਨ੍ਹਾਂ ਦੀਆਂ ਹਾਲਤਾਂ ਬਦ ਤੋਂ ਬਦਤਰ ਹੁੰਦੀਆਂ ਜਾ ਰਹੀਆਂ ਹਨ।ਬਾਰਿਸ਼ ਨਾ ਹੋਣਾ, ਸੋਕਾ ਪੈਣਾ, ਹੜ੍ਹਾਂ ਦਾ ਆ ਜਾਣਾ, ਫ਼ਸਲ ਨੂੰ ਭਿਆਨਕ ਬਿਮਾਰੀ ਲੱਗ ਜਾਣਾ ਆਮ ਗੱਲਾਂ ਹਨ। ਇਨ੍ਹਾਂ ਕਾਰਨਾਂ ਕਾਰਨ ਸਭ ਤੋਂ ਵੱਧ ਨੁਕਸਾਨ ਕਿਸਾਨ ਦਾ ਹੁੰਦਾ ਹੈ, ਜਿਸ ਕਰਕੇ ਕਿਸਾਨ ਅੱਜ ਕਰਜ਼ੇ ਦੀ ਮਾਰ ਹੇਠ ਹਰ ਰੋਜ਼ ਖ਼ੁਦਕੁਸ਼ੀਆਂ ਕਰ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੇ ਭਾਰਤ ਦੇ ਭੰਡਾਰ ਅਨਾਜ ਨਾਲ ਭਰੇ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਕੇਂਦਰ ਦੀ ਮੋਦੀ ਸਰਕਾਰ ਪੂੰਜੀਪਤੀਆਂ ਦੇ ਕਰੋੜਾਂ ਦੇ ਕਰਜ਼ੇ ਮਾਫ਼ ਕਰ ਰਹੀ ਹੈ। ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਦੇਸ਼ ਲੁਟਾਇਆ ਜਾ ਰਿਹਾ ਹੈ, ਉੱਥੇ ਮੋਦੀ ਕਿਰਤੀ ਕਿਸਾਨਾਂ ਮਜ਼ਦੂਰਾਂ ਤੇ ਆਪਣੀ ਹੱਕੀ ਮੰਗਾਂ ਜਿਵੇਂ ਫ਼ਸਲਾਂ ਤੇ ਐਮ ਐਸ ਪੀ ਕਾਲੇ ਕਨੂੰਨ ਰੱਦ ਕਰਨਾ ਕਿਸਾਨਾਂ ਤੋਂ ਜਬਰੀ ਜ਼ਮੀਨਾਂ ਖੋਹਣੀਆਂ ਆਮ ਗੱਲ ਹੈ, ਇਸ ਲਈ ਜਮਹੂਰੀ ਢੰਗ ਤਰੀਕੇ ਨਾਲ ਰੋਸ ਕਰ ਰਹੇ ਹਨ, ਉੱਥੇ ਹਰਿਆਣਾ ਸਟੇਟ ਦੀ ਸਰਕਾਰ ਮੋਦੀ ਦੇ ਇਸ਼ਾਰਿਆਂ ਤੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਤੇ ਅੰਨ੍ਹੇਵਾਹ ਲਾਠੀਚਾਰਜ ਅੱਥਰੂ ਗੈਸ ਦੇ ਗੋਲੇ ਦਾਗੇ ਜਾ ਰਹੇ ਹਨ।

ਸੱਤ ਸ਼ਖ਼ਸੀਅਤਾਂ ਨੂੰ ਮਿਲਿਆ ਗੁਰੂ ਕਾਸ਼ੀ ਸਾਹਿਤ ਅਕਾਦਮੀ ਪੁਰਸਕਾਰ

ਸਿਰਸਾ (ਸੁਰਿੰਦਰ ਪਾਲ ਸਿੰਘ)

ਪੰਜਾਬੀ ਮਾਤ ਭਾਸ਼

28-Fab-PAGE-8.qxd 2/27/2024 11:10 PM Page 1

ਸਰਕਾਰ ਸ਼ਹਿਰੀ ਖੇਤਰਾਂ 'ਚ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ : ਬਲਕਾਰ ਸਿੰਘ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਸਹੂਲਤ ਲਈ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ।ਕੈਬਨਿਟ ਮੰਤਰੀ ਨੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ ਅਤੇ ਰਮਨ ਅਰੋੜਾ ਸਮੇਤ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ।ਇਨ੍ਹਾਂ ਵਿਕਾਸ ਕਾਰਜਾਂ ਵਿੱਚ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਦਿਓਲ ਨਗਰ ਇਲਾਕੇ ਵਿੱਚ ਨਵਾਂ ਟਿਊਬਵੈੱਲ, ਆਦਰਸ਼ ਨਗਰ ਵਿਖੇ ਪਾਰਕ ਦੇ ਨਵੀਨੀਕਰਨ ਦਾ ਕੰਮ ਅਤੇ ਸਪੋਰਟਸ ਐਂਡ ਸਰਜੀਕਲ ਕੰਪਲੈਕਸ ਜਲੰਧਰ ਵਿਖੇ ਫਾਇਰ ਸਟੇਸ਼ਨ ਦੀ ਸਥਾਪਨਾ ਦੇ ਨੀਂਹ ਪੱਥਰ ਸ਼ਾਮਲ ਹਨ।ਇਨ੍ਹਾਂ ਸਾਰੇ ਪ੍ਰਾਜੈਕਟਾਂ 'ਤੇ 1.91 ਕਰੋੜ ਰੁਪਏ ਖਰਚ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਮਾਮਲੇ ਵਿੱਚ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਮੰਤਰੀ ਨੇ ਦਿਓਲ ਨਗਰ ਵਿਖੇ 21.48 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਟਿਊਬਵੈੱਲ ਦਾ ਨੀਂਹ ਪੱਥਰ ਰੱਖਿਆ। ਇਸੇ ਤਰ੍ਹਾਂ ਸਪੋਰਟਸ ਅਤੇ ਸਰਜੀਕਲ ਕੰਪਲੈਕਸ ਵਿੱਚ 121.71 ਲੱਖ ਰੁਪਏ ਦੀ ਲਾਗਤ ਨਾਲ ਨਵਾਂ ਫਾਇਰ ਸਟੇਸ਼ਨ ਸਥਾਪਤ ਕੀਤਾ ਜਾਵੇਗਾ। ਇਸ ਤੋਂ ਇਲਾਵਾ 48.92 ਲੱਖ ਰੁਪਏ ਦੀ ਲਾਗਤ ਨਾਲ ਕੰਵਲਜੀਤ ਪਾਰਕ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਿਆ ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਲਿਜਾਣ ਲਈ ਸੂਬੇ ਵਿੱਚ ਪਹਿਲਾਂ ਹੀ ਬਹੁਤ ਸਾਰੇ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਜਾ ਚੁੱਕੇ ਹਨ।ਇਸ ਮੌਕੇ ਸੰਬੋਧਨ ਕਰਦਿਆਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਸਰਕਾਰ ਵੱਲੋਂ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮੁੱਦਿਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਅਧਿਕਾਰੀਆਂ ਵੱਲੋਂ ਪਿੰਡਾਂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਪਹੁੰਚ ਕੇ ਨਾਗਰਿਕਾਂ ਨੂੰ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਵਿਧਾਇਕ ਰਮਨ ਅਰੋੜਾ ਅਤੇ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਨਵੇਂ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਜਾ ਰਿਹਾ ਹੈ।ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ, ਵਧੀਕ ਕਮਿਸ਼ਨਰ ਅਮਰਜੀਤ ਸਿੰਘ ਆਦਿ ਵੀ ਮੌਜੂਦ ਸਨ।

ਸਾਂਝੇ ਫਰੰਟ ਵੱਲੋਂ ਬਜਟ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਵੱਲ ਰੋਸ ਮਾਰਚ ਕਰਨ ਦਾ ਐਲਾਨ

ਚੰਡੀਗੜ੍ਹ, (ਗੁਰਜੀਤ ਬਿੱਲਾ) ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਅਤੇ ਰੈਗੂਲਰ ਮੁਲਾਜ਼ਮਾਂ ਦੀਆਂ ਮੰਗਾਂ ਸੰਬੰਧੀ 'ਆਪ' ਸਰਕਾਰ ਵੱਲੋਂ ਲਗਾਤਾਰ ਕੀਤੀ ਜਾ ਰਹੀ ਟਾਲਮਟੋਲ ਦੇ ਖਿਲਾਫ਼ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਪੰਜਾਬ ਸਰਕਾਰ ਦੇ ਬੱਜਟ ਸ਼ੈਸ਼ਨ ਦੌਰਾਨ 4 ਮਾਰਚ ਨੂੰ ਚੰਡੀਗੜ੍ਹ ਵਿਖੇ ਸੂਬਾਈ ਰੈਲੀ ਅਤੇ ਮਾਰਚ ਕਰਨ ਦਾ ਫੈਸਲਾ ਕੀਤਾ ਹੈ।ਇਸ ਸਬੰਧੀ ਫੈਸਲਾ ਸਾਂਝੇ ਫਰੰਟ ਦੇ ਸੂਬਾ ਕਨਵੀਨਰ ਜਰਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੂਬਾ ਕਮੇਟੀ ਮੀਟਿੰਗ ਵਿੱਚ ਕੀਤਾ ਗਿਆ, ਜਿਸ ਵਿੱਚ ਫਰੰਟ ਦੇ ਸੂਬਾਈ ਆਗੂ ਸਤੀਸ਼ ਰਾਣਾ, ਰਣਜੀਤ ਸਿੰਘ ਰਾਣਵਾਂ, ਬਾਜ ਸਿੰਘ ਖਹਿਰਾ, ਗਗਨਦੀਪ ਸਿੰਘ ਭੁੱਲਰ, ਸੁਖਦੇਵ ਸਿੰਘ ਸੈਣੀ, ਧਨਵੰਤ ਸਿੰਘ ਭੱਠਲ, ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਰਿੰਦਰ ਰਾਮ ਕੁੱਸਾ, ਜਸਵੀਰ ਤਲਵਾੜਾ, ਰਾਧੇ ਸ਼ਿਆਮ ਅਤੇ ਬੋਬਿੰਦਰ ਸਿੰਘ ਤੋਂ ਇਲਾਵਾ ਸੁਰਿੰਦਰ ਪੁਆਰੀ, ਐਨ.ਡੀ. ਤਿਵਾੜੀ, ਸ਼ਿਵ ਕੁਮਾਰ ਤਿਵਾੜੀ ਅਤੇ ਤੀਰਥ ਸਿੰਘ ਬਾਸੀ ਵੀ ਸ਼ਾਮਲ ਸਨ।ਸਾਂਝੇ ਫਰੰਟ ਦੇ ਸਮੂਹ ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਬਿਲਕੁਲ ਵੀ ਸੁਹਿਰਦ ਨਹੀਂ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਂਝੇ ਫਰੰਟ ਨੂੰ ਤਿੰਨ ਵਾਰ ਮੀਟਿੰਗ ਦਾ ਸਮਾਂ ਦੇ ਕੇ ਵੀ ਮੀਟਿੰਗ ਨਹੀਂ ਕੀਤੀ ਗਈ ਅਤੇ ਵਿੱਤ ਮੰਤਰੀ ਚੀਮਾਂ ਨਾਲ ਹੋਈਆਂ ਤਿੰਨ ਮੀਟਿੰਗਾਂ ਵਿੱਚ ਵੀ ਮੰਗਾਂ ਦਾ ਕੋਈ ਹੱਲ ਨਹੀਂ ਕੱਢਿਆ ਗਿਆ।ਸਾਂਝੇ ਫਰੰਟ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਤੁਰੰਤ ਦੁੱਗਣਾ ਵਾਧਾ ਕੀਤਾ ਜਾਵੇਗਾ। ਮੀਟਿੰਗ ਵਿੱਚ ਸਾਂਝੇ ਫਰੰਟ ਵੱਲੋਂ 4 ਮਾਰਚ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਅਤੇ ਫਰੰਟ ਤੋਂ ਬਾਹਰ ਰਹਿ ਗਈਆਂ ਸਾਰੀਆਂ ਜਥੇਬੰਦੀਆਂ ਨੂੰ ਵੀ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

ਰੈੱਡ ਰਿਬਨ ਕਲੱਬ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰ 'ਤੇ ਕਰਵਾਏ ਸਮਾਗਮ 'ਚ ਭਾਗ ਲਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਦੇ ਪ੍ਰੀਤ ਕੋਹਲੀ ਦੀ ਅਗਵਾਈ ਵਿੱਚ ਵਿਸ਼ਵ ਏਡਜ਼ ਦਿਵਸ ਦੇ ਮੌਕੇ ਤੇ ਜ਼ਿਲ੍ਹਾ ਪੱਧਰ 'ਤੇ ਪੋਸਟਰ ਮੇਕਿੰਗ ਮੁਕਾਬਲੇ ਜੇ ਸੀ ਡੀ ਏ ਵੀ ਕਾਲਜ ਦਸੂਹਾ ਵਿਖੇ ਕਰਵਾਏ ਗਏ ਜਿਸ ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਖੁਸ਼ਬੂ ਅਤੇ ਜਸਪ੍ਰੀਤ ਕੌਰ ਨੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੇ ਕੁਮਾਰ ਦੇ ਸਹਿਯੋਗ ਨਾਲ ਭਾਗ ਲਿਆ। ਪ੍ਰੋ.ਵਿਜੇ ਕੁਮਾਰ ਸਰਕਾਰ ਨਿਰਦੇਸ਼ਾਂ ਅਨੁਸਾਰ ਨਸ਼ਿਆਂ, ਏਡਜ਼ ਵਰਗੀਆਂ ਬਿਮਾਰੀਆਂ, ਵਾਤਾਵਰਣ, ਸਮਾਜ ਸੇਵਾ ਨਾਲ ਸਬੰਧਿਤ ਕਾਰਜਾਂ ਵਿੱਚ ਕਾਲਜ ਵਲੋਂ ਆਪਣਾ ਸਹਿਯੋਗ ਦਿੰਦੇ ਹਨ।

ਕੰਵਰ ਪੋਸਵਾਲ ਪ੍ਰਧਾਨ ਤੇ ਕੁਲਗਰਾਂ ਮੀਤ ਪ੍ਰਧਾਨ ਨਿਯੁਕਤ

ਭਲਾਣ (ਹਰਭਜਨ ਢਿੱਲੋਂ) ਤਹਿਸੀਲ ਨੰਗਲ ਦੇ ਪਿੰਡ ਦੀ ਗੋਹਲਣੀ ਬਹੁਮੰਤਵੀ ਸਹਿਕਾਰੀ ਸਭਾ ਦੇ ਸਕੱਤਰ ਮੋਹਣ ਸਿੰਘ ਵੱਲੋਂ ਨਵ ਨਿਯੁਕਤ ਕਮੇਟੀ ਮੈਂਬਰਾਂ ਵੱਲੋਂ ਅਹੁਦੇਦਾਰਾਂ ਦੀ ਚੋਣ ਕਰਨ ਸੰਬੰਧੀ ਗੋਹਲਣੀ ਸਭਾ ਦੇ ਦਫ਼ਤਰ ਵਿੱਚ ਮੀਟਿੰਗ ਬੁਲਾਈ ਗਈ। ਜਿਸ ਵਿਚ ਸਰਬਸੰਮਤੀ ਨਾਲ ਕੰਵਰ ਪੋਸਵਾਲ ਨੂੰ ਪ੍ਰਧਾਨ ਅਤੇ ਹਰਦੀਪ ਸਿੰਘ (ਕਾਕਾ) ਕੁਲਗਰਾਂ ਨੂੰ ਮੀਤ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਕੰਵਰ ਪੋਸਵਾਲ ਨੇ ਉਨ੍ਹਾਂ ਦੀ ਕੀਤੀ ਨਿਯੁਕਤੀ ਲਈ ਸਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਯਕੀਨ ਦੁਆਇਆ।ਇਸ ਚੋਣ ਮੀਟਿੰਗ ਵਿੱਚ ਸਭਾ ਦੇ ਸਾਰੇ ਨਵ-ਨਿਯੁਕਤ 11 ਮੈਂਬਰ ਜਿਨ੍ਹਾਂ ਵਿੱਚ ਕੰਵਰ ਦੇਵ ਸਿੰਘ ਮੋਜੋਵਾਲ, ਹਰਦੀਪ ਸਿੰਘ ਕਾਕਾ ਕੁਲਗਰਾਂ, ਪ੍ਰੇਮ ਸਿੰਘ ਕੁਲਗਰਾਂ,ਜੀਤ ਰਾਮ ਬੇਲਾਧਿਆਨੀ ਗੁੱਜਰਬਸਤੀ, ਪ੍ਰੇਮ ਸਿੰਘ ਭੱਟੋਂ, ਜਸਵਿੰਦਰ ਸਿੰਘ ਗੋਹਲਣੀ,ਰਤਨ ਚੰਦ ਲੋਅਰ ਬੇਲਾਧਿਆਨੀ, ਸੁਖਦੇਵ ਸਿੰਘ ਅੱਪਰ ਬੇਲਾਧਿਆਨੀ, ਨਿਰਮਲ ਕੌਰ ਗੋਹਲਣੀ, ਪਰਮਜੀਤ ਕੌਰ ਪਲਾਸੀ ਅਤੇ ਨਿਰਮਲ ਸਿੰਘ ਗੋਹਲਣੀ ਨੇ ਹਿੱਸਾ ਲਿਆ। ਇਸ ਮੌਕੇ ਸਭਾ ਦੇ ਸਾਬਕਾ ਪ੍ਰਧਾਨ ਅਤੇ ਡਾਇਰੈਕਟਰ ਨਾਜਰ ਸਿੰਘ,ਸਾਬਕਾ ਸਰਪੰਚ ਅਤੇ ਬਲਾਕ ਸੰਮਤੀ ਮੈਂਬਰ ਮੋਹਿੰਦਰ ਸਿੰਘ ਭੱਟੋਂ, ਚੌਧਰੀ ਰਾਮ ਪ੍ਰਕਾਸ਼ ਭੱਟੋਂ, ਸੋਮ ਨਾਥ ਸੈਣੀ ਭਲਾਣ,ਅਮਰ ਪੋਸਵਾਲ, ਪਰਮੇਸ਼ਵਰ ਐਰੀ ਮੋਜੋਵਾਲ ਅਤੇ ਸੰਦੀਪ ਭਾਰਦਵਾਜ ਵੀ ਹਾਜ਼ਰ ਸਨ।

ਕਿਸਾਨਾਂ ਨੇ ਟਰੈਕਟਰਾਂ ਨਾਲ ਕੀਤਾ ਰੋਸ ਪ੍ਰਦਰਸ਼ਨ

ਅੱਡਾਂ ਸਰਾਂ (ਜਸਵੀਰ ਕਾਜਲ) ਸ਼ੁਭਕਰਨ ਦੀ ਸ਼ਹਾਦਤ ਅਤੇ ਕਿਸਾਨਾਂ ਉੱਪਰ ਕੀਤੇ ਜਾ ਰਹੇ ਅੱਤਿਆਚਾਰ ਦੇ ਵਿਰੁੱਧ ਕਿਸਾਨ ਸੰਯੁਕਤ ਮੋਰਚਾ ਦੀ ਟਰੈਕਟਰ ਰੋਡ ਰੋਸ ਪ੍ਰਦਰਸ਼ਨ ਦੇ ਸੱਦੇ 'ਤੇ ਅੱਡਾਂ ਭੂੰਗਾ ਵਿਖੇ ਇਲਾਕੇ ਦੇ ਕਿਸਾਨਾਂ ਅਤੇ ਨੌਜ਼ਵਾਨਾਂ ਵੱਲੋਂ ਟਰੈਕਟਰਾਂ ਸਮੇਤ ਭਾਰੀ ਗਿਣਤੀ ਵਿੱਚ ਕਿਸਾਨ ਸੰਘਰਸ਼ ਕਮੇਟੀ ਭੂੰਗਾਂ ਦੀ ਅਗਵਾਈ ਹੇਠ ਸ਼ਮੂਲੀਅਤ ਕੀਤੀ। ਜਿਸ ਵਿੱਚ ਕੇਦਰ ਸਰਕਾਰ ਅਤੇ ਹਰਿਆਣਾ ਸਰਕਾਰ ਵੱਲੋਂ ਸ਼ਾਤਮਈ ਕਿਸਾਨ ਸੰਘਰਸ਼ ਨੂੰ ਸੰਭੂ ਅਤੇ ਖਨੌੜੀ ਬਾਰਡਰਾਂ 'ਤੇ ਰੋਕ ਕੇ ਉਨ੍ਹਾਂ 'ਤੇ ਕੀਤੇ ਜਾ ਰਹੇ ਤਸ਼ੱਦਤ ਵਿਰੁੱਧ ਅਤੇ ਸੰਘਰਸ਼ ਕਰ ਰਹੇ ਕਿਸਾਨਾ ਦੇ ਹੱਕ ਵਿੱਚ ਬੋਲਦਿਆ ਮੋਰਚੇ ਦੀਆ ਪਹਿਲਾ ਤੋਂ ਮੰਨੀਆਂ ਮੰਗਾਂ ਜਲਦ ਤੋਂ ਜਲਦ ਪੂਰੀਆ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਮਨਿੰਦਰ ਸਿੰਘ ਟਿੰਮੀ ਸ਼ਾਹੀ ਪ੍ਰਧਾਨ ਬਾਬਾ ਮੰਝ ਵੈਲਫੇਅਰ ਸੁਸਾਇਟੀ ਫਾਬੜਾ ਅਤੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਨੇ ਸਰਕਾਰ ਵੱਲੋਂ ਕਿਸਾਨਾ 'ਤੇ ਕੀਤੇ ਜਜਾ ਰਹੇ ਜੁਲਮ ਨੂੰ ਗੈਰ ਸਵਿਧਾਨਿਕ ਦੱਸਦਿਆਂ ਨਿੰਦਾ ਕੀਤੀ ਅਤੇ ਕਿਸਾਨਾ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸੰਦੀਪ ਸਿੰਘ ਮਾਨਾ ਅੱਭੋਵਾਲ ਬੁਲਾਰਾ ਕਿਸਾਨ ਸੰਘਰਸ਼ ਕਮੇਟੀ ਭੂੰਗਾ ਅਤੇ ਕੁਲਵਿੰਦਰ ਕੌਰ ਪ੍ਰਧਾਨ ਮਜਦੂਰ ਮੁਕਤੀ ਮੋਰਚਾ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇਸ਼ਾਹੀ ਦਾ ਜਬਾਬ ਆਉਣ ਵਾਲੀਆ ਲੋਕ ਸਭਾ ਚੋਣਾਂ ਦੀਆਂ ਵੋਟਾਂ ਰਹੀਂ ਦਿੱਤਾ ਜਾਵੇਗਾ। ਅੰਮ੍ਰਿਤਪਾਲ ਸਿੰਘ ਅੱਭੋਵਾਲ, ਮੇਹਰ ਸਿੰਘ ਅੱਭੋਵਾਲ, ਜਸਪਾਲ ਸਿੰਘ ਫਤਿਪੁਰ ਸਲਾਹਕਾਰ ਕਿਸਾਨ ਸੰਘਰਸ਼ ਕਮੇਟੀ ਭੂੰਗਾਂ, ਵਿਕਾਸ਼ ਸ਼ਰਮਾਂ ਭਟੋਲੀਆ ਬੀ.ਓ.ਡੀ. ਅਮ੍ਰਿਤ ਧਾਰਾ, ਗੁਰਮੁਖ ਸਿੰਘ ਕਾਹਲਵਾ ਸਲਾਹਕਾਰ ਕਿਸਾਨ ਸੰਘਰਸ਼ ਕਮੇਟੀ ਭੂੰਗਾਂ, ਗੁਰਕਿਰਤ ਸਿੰਘ, ਪਵਨ ਸ਼ਰਮਾ ਭਟੋਲੀਆ, ਹਰਪ੍ਰੀਤ ਸਿੰਘ ਅੱਭੋਵਾਲ, ਜਸਕਰਨ ਸਿੰਘ ਅੱਭੋਵਾਲ, ਜਸਦੀਪ ਸਿੰਘ, ਰਵਿੰਦਰ ਸਿੰਘ ਰਾਣਾ ਭਟੋਲੀਆ, ਰਕੇਸ਼ ਟੱਪਾਂ ਚੈਅਰਮੇਨ ਕੰਡੀ ਏਰੀਆ ਸ਼ਾਮਲ ਸਨ।

ਪੋਲੀਓ ਮੁਹਿੰਮ ਦੇ ਸੰਬੰਧ 'ਚ ਫੀਲਡ ਵਰਕਰਾਂ ਦੀ ਟ੍ਰੇਨਿੰਗ ਕਰਵਾਈ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਸਿਹਤ ਵਿਭਾਗ ਪੰਜਾਬ ਅਤੇ ਡਾ.ਮਨੂ ਵਿਜ ਸਿਵਲ ਸਰਜਨ ਰੂਪਨਗਰ ਦੇ ਦੀਆਂ ਹਦਾਇਤਾਂ ਅਨੁਸਾਰ ਅਤੇ ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਹੇਠ ਨੈਸ਼ਨਲ ਪਲਸ ਪੋਲੀਓ ਮੁਹਿੰਮ ਦੇ ਸਬੰਧ ਵਿੱਚ ਆਸ਼ਾ ਵਰਕਰਾਂ ਅਤੇ ਹੋਰ ਸਟਾਫ ਦੀ ਟਰੇਨਿੰਗ ਕਰਵਾਈ ਗਈ।ਡਾ.ਸੁਪਰੀਤ ਕੌਰ ਨੋਡਲ ਅਫਸਰ ਨੇ ਦੱਸਿਆ ਕਿ ਇਸ ਨੈਸ਼ਨਲ ਪੋਲੀਓ ਰਾਊਂਡ ਦੌਰਾਨ ਸ਼੍ਰੀ ਅਨੰਦਪੁਰ ਸਾਹਿਬ ਦੇ ਸ਼ਹਿਰੀ ਖੇਤਰ ਵਿੱਚ 0 ਤੋਂ 5 ਸਾਲ ਕੁੱਲ 3135 ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਪਲਾਉਣ ਦੀ ਟੀਚਾ ਮਿੱਥਿਆ ਗਿਆ ਹੈ, ਇਸ ਦੇ ਲਈ ਸਹਿਰ ਦੇ ਸਾਰੇ ਵਾਰਡਾਂ ਵਿੱਚ ਕੁੱਲ 11 ਪੋਲੀਓ ਬੂਥ ਸਥਾਪਤ ਕੀਤੇ ਗਏ ਹਨ। ਮਾਈਗਰੇਟਰੀ ਅਬਾਦੀ ਦੇ ਬੱਚਿਆਂ ਨੂੰ ਪੋਲੀਓ ਬੂੰਦਾ ਪਲਾਉਣ ਲਈ ਦੋ ਮੋਬਾਇਲ ਟੀਮਾਂ ਦਾ ਗਠਨ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ ਇਕ ਬੂਥ ਸਥਾਨਕ ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨ ਤੇ ਵੀ ਲਗਾਇਆ ਗਿਆ ਹੈ ਤਾਂ ਕਿ ਕੋਈ ਵੀ ਬੱਚਾ ਚਾਹੇ ਉਹ ਸਫਰ ਕਰ ਰਿਹਾ ਹੋਵੇ, ਪੋਲੀਓ ਬੂੰਦਾਂ ਤੋਂ ਵਾਂਝਾ ਨਾ ਰਹਿ ਜਾਵੇ।ਇਸ ਮੌਕੇ 'ਤੇ ਜਿਲ੍ਹਾ ਟੀਕਾਕਰਨ ਅਫਸਰ ਡਾ.ਨਵਰੂਪ ਕੌਰ ਵੀ ਪਹੁੰਚੇ ਅਤੇ ਕਿਹਾ ਕਿ ਭਾਵੇਂ ਭਾਰਤ ਨੂੰ ਪੋਲੀਓ ਮੁਕਤ ਕਰਾਰ ਦਿੱਤਾ ਜਾ ਚੁੱਕਾ ਹੈ, ਪਰ ਸਾਵਧਾਨੀ ਦੇ ਮੱਦੇਨਜਰ ਸਰਕਾਰ ਵੱਲੋਂ ਨਿਰੰਤਰ ਤੌਰ 'ਤੇ ਪੋਲੀਓ ਪ੍ਰੋਗਰਾਮ ਕੀਤੇ ਜਾਂਦੇ ਹਨ ਤਾਂ ਜੋ ਪੋਲੀਓ 'ਤੇ ਜਿੱਤ ਬਰਕਰਾਰ ਰਹੇ। ਉਹਨਾਂ ਦੇ ਲੋਕਾਂ ਨੂੰ ਅਪੀਲ ਕੀਤੀ ਆਪਣੇ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਬੂੰਦਾ ਜਰੂ

28-Fab-PAGE-9.qxd 2/27/2024 11:10 PM Page 1

ਟਰੈਕਟਰ ਹਾਈਵੇ 'ਤੇ ਖੜੇ ਕਰਕੇ ਕੀਤਾ ਜ਼ੋਰਦਾਰ ਰੋਸ ਪ੍ਰਦਰਸ਼ਨ

ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)— ਦਵਿੰਦਰ ਸਿੰਘ ਕੱਕੋਂ ਜ਼ਿਲ੍ਹਾ ਸਕੱਤਰ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੀ ਅਗਵਾਈ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਪ੍ਰੋਗਰਾਮ ਅਨੁਸਾਰ ਟਰੈਕਟਰਾਂ ਨੂੰ ਮਾਊਂਟ ਕਾਰਮਲ ਸਕੂਲ ਲਾਗੇ ਸਟੇਟ ਹਾਈਵੇ 'ਤੇ ਖੜੇ ਕਰਕੇ ਸ਼ੰਭੂ ਬਾਰਡਰ 'ਤੇ ਕਿਸਾਨਾਂ 'ਤੇ ਹੋ ਰਹੇ ਜੁਲਮ ਦੇ ਵਿਰੋਧ ਵਿੱਚ ਜੋਰਦਾਰ ਪ੍ਰਦਰਸ਼ਨ ਕੀਤਾ। ਕਿਸਾਨਾਂ ਨੇ ਕਿਹਾ ਕਿ ਕੇਂਦਰ ਤੇ ਹਰਿਆਣਾ ਸਰਕਾਰਾਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਅਤੇ ਉਹ ਸਾਰੇ ਹਥਿਆਰ ਵਰਤ ਰਹੀ ਹੈ ਜਿਹੜੇ ਸਰਹੱਦੀ ਬਾਰਡਰਾਂ ਤੇ ਵਰਤੇ ਜਾਂਦੇ ਹਨ। ਅਜਿਹਾ ਸਲੂਕ ਆਪਣੇ ਦੇਸ਼ ਦੇ ਕਿਸਾਨਾਂ ਨਾਲ ਹੀ ਕੀਤਾ ਜਾ ਰਿਹਾ ਹੈ। ਜਿਸ ਦੇ ਫਲ ਸਰੂਪ ਸੈਂਕੜੇ ਕਿਸਾਨ ਜਖਮੀ ਅਤੇ ਤਿੰਨ ਕਿਸਾਨਾਂ ਦੀ ਮੌਤ ਵੀ ਹੋ ਚੁੱਕੀ ਹੈ। ਕਿਸਾਨਾਂ ਨੇ ਮੰਗ ਕੀਤੀ ਕਿ ਸ਼ੰਭੂ ਬਾਰਡਰ 'ਤੇ ਹੋਏ ਜੁਲਮ ਦੀ ਇਨਕੁਆਰੀ ਕਰਾ ਕੇ ਦੋਸ਼ੀਆਂ ਨੂੰ ਸਜਾਵਾਂ ਦਿੱਤੀਆਂ ਜਾਣ, ਸ਼ੁਭਕਰਨ ਸਿੰਘ ਦੇ ਪਰਵਾਰ ਨੂੰ ਇਨਸਾਫ ਦਿਵਾਇਆ ਜਾਵੇ। ਐਮਐਸਪੀ 'ਤੇ ਖਰੀਦ ਦੀ ਗਰੰਟੀ ਦਿੱਤੀ ਜਾਵੇ, ਲਖੀਮਪੁਰ ਖੀਰੀ ਦੇ ਕਿਸਾਨਾਂ ਦੇ ਕਾਤਲਾਂ ਨੂੰ ਸਜਾਵਾਂ, ਕਿਸਾਨਾਂ 'ਤੇ ਕੀਤੇ ਪਰਚੇ ਰੱਦ ਕਰਾਉਣੇ, ਬਿਜਲੀ ਬਿੱਲ 2020 ਦੀ ਵਾਪਸੀ, 60 ਸਾਲ ਬਾਅਦ ਕਿਸਾਨਾਂ ਨੂੰ 10 ਹਜਾਰ ਰੁਪਏ ਪੈਨਸ਼ਨ ਅਤੇ ਹੋਰ ਮੰਗਾਂ ਨੂੰ ਉਭਾਰਿਆ। ਇਸ ਸਮੇਂ ਮਨਮੋਹਨ ਸਿੰਘ ਮੱਖਣ, ਹਰਜੀਤ ਸਿੰਘ, ਵਿਕਰਮਜੀਤ ਸਿੰਘ ਨਵੇਂ ਘਰ, ਜੁਗਰਾਜ ਸਿੰਘ ਬਸੀ ਮਰੂਫ, ਸੋਢੀ ਕਰਤਾਰ ਸਿੰਘ, ਮਿੱਠੂ ਬਲਵੰਤ ਸਿੰਘ, ਬਾਬੂ ਬਲਵੰਤ ਸਿੰਘ, ਸੋਨੀ ਜੈ ਸਿੰਘ, ਸੁੱਖੂ, ਹੈਪੀ, ਕਾਲਾ, ਸਾਹਿਲ, ਡੈਂਪੀ, ਜਗਤਾਰ ਸਿੰਘ ਕੱਕੋਂ, ਬਿੱਲਾ ਗਊਸਾਲਾ, ਰਾਜੂ ਰਸੂਲਪੁਰ, ਜੀਤ ਸਿੰਘ ਕੱਕੋਂ ਹਾਜਰ ਸਨ।

25 ਮਰੀਜ਼ਾਂ ਦੀਆਂ ਅੱਖਾਂ ਦਾ ਫਰੀ ਅਪ੍ਰੇਸ਼ਨ

ਫਗਵਾੜਾ (ਡਾ. ਰਮਨ) ਗੁਰੂ ਨਾਨਕ ਮਿਸ਼ਨ ਵੈਲਫੇਅਰ ਸੁਸਾਇਟੀ ਵੱਲੋਂ ਸਵ. ਇਕਬਾਲ ਸਿੰਘ ਕੁੰਦੀ ਸਾਬਕਾ ਕੌਂਸਲਰ ਦੀ ਨਿੱਘੀ ਯਾਦ ਨੂੰ ਸਮਰਪਿਤ ਅੱਖਾਂ ਦਾ ਮੁਫਤ ਚੈਕਅੱਪ ਅਤੇ ਅਪਰੇਸ਼ਨ ਕੈਂਪ ਫਗਵਾੜਾ ਨੇੜਲੇ ਪਿੰਡ ਰਾਣੀਪੁਰ ਕੰਬੋਆਂ ਵਿਖੇ ਲਗਾਇਆ ਗਿਆ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਸੈਂਭੀ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਦਾ ਉਦਘਾਟਨ ਸਰਪੰਚ ਰਜਿੰਦਰ ਸਿੰਘ ਚੰਦੀ ਨੇ ਰੀਬਨ ਕੱਟ ਕੇ ਕੀਤਾ। ਇਸ ਦੌਰਾਨ ਅੱਖਾਂ ਦੇ ਮਾਹਿਰ ਡਾ. ਐੱਸ. ਰਾਜਨ ਦੀ ਦੇਖ-ਰੇਖ ਹੇਠ ਡਾਕਟਰਾਂ ਦੀ ਟੀਮ ਨੇ 350 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਵੰਡੀਆਂ। ਕੈਂਪ ਦੌਰਾਨ ਚੁਣੇ ਗਏ 25 ਮਰੀਜਾਂ ਦੀਆਂ ਅੱਖਾਂ ਦੇ ਮੁਫ਼ਤ ਆਪ੍ਰੇਸ਼ਨ ਡਾ: ਰਾਜਨ ਆਈ ਕੇਅਰ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਕੀਤੇ ਗਏ। ਅਪਰੇਸ਼ਨ ਵਾਲੇ ਮਰੀਜ਼ਾਂ ਨੂੰ ਵੀ ਸੁਰੱਖਿਆ ਕਾਰਨਾਂ ਕਰਕੇ ਐਨਕਾਂ ਮੁਫ਼ਤ ਦਿੱਤੀਆਂ ਗਈਆਂ। ਸੁਸਾਇਟੀ ਦੇ ਮੀਤ ਪ੍ਰਧਾਨ ਬਲਵੀਰ ਸਿੰਘ ਘਟੋੜਾ ਨੇ ਸਮੂਹ ਪਤਵੰਤਿਆਂ ਅਤੇ ਡਾ. ਰਾਜਨ ਆਈ ਕੇਅਰ ਦੀ ਸਮੁੱਚੀ ਟੀਮ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।ਇਸ ਦੌਰਾਨ ਸੁਸਾਇਟੀ ਦੇ ਖਜ਼ਾਨਚੀ ਗਿਆਨ ਸਿੰਘ ਚਾਨਾ, ਹਰਮਿੰਦਰ ਸਿੰਘ ਕੁੰਦੀ, ਹਰੀਸ਼ ਚੰਦਰ, ਜਤਿਨ ਕੁਮਾਰ, ਰਵੀ ਕੁਮਾਰ, ਇਕਬਾਲ ਸਿੰਘ ਰਾਣੀਪੁਰ ਸਮੇਤ ਹੋਰ ਪਤਵੰਤੇ ਅਤੇ ਹਸਪਤਾਲ ਦੇ ਸਟਾਫ਼ ਮੈਂਬਰ ਹਾਜ਼ਰ ਸਨ।

ਸੰਤ ਸਤਵਿੰਦਰ ਹੀਰਾ ਬਣੇ ਆਦਿ ਧਰਮ ਮਿਸ਼ਨ ਭਾਰਤ ਦੇ ਮੁੜ ਰਾਸ਼ਟਰੀ ਪ੍ਰਧਾਨ

* ਗਿਆਨ ਚੰਦ ਦੀਵਾਲੀ ਦੇ ਵਾਈਸ ਪ੍ਰਧਾਨ ਬਣਨ 'ਤੇ ਸੰਗਤਾਂ 'ਚ ਖੁਸ਼ੀ ਦੀ ਲਹਿਰ

ਹੁਸ਼ਿਆਰਪੁਰ (ਓ ਪੀ ਰਾਣਾ) ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਸੀਰ ਗੋਵਰਧਨਪੁਰ ਕਾਂਸ਼ੀ, ਬਨਾਰਸ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਚੇਅਰਪਰਸਨ ਬੀਬੀ ਕਮਲੇਸ਼ ਕੌਰ ਘੇੜਾ ਦੀ ਪ੍ਰਧਾਨਗੀ ਹੇਠ ਸੰਗਤਾਂ ਦੀ ਹਾਜ਼ਰੀ 'ਚ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਪਿਛਲੇ ਸਾਲ ਦਾ ਲੇਖਾ-ਜੋਖਾ ਕਰਕੇ ਸਾਰੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ. ਭਾਰਤ ਦੀ ਸਾਲਾਨਾ ਚੋਣ ਸਰਵ ਸੰਮਤੀ ਨਾਲ ਸੰਗਤ ਦੀ ਹਾਜ਼ਰੀ ਕੀਤੀ ਗਈ, ਜਿਸ 'ਚ ਚੇਅਰਪਰਸਨ ਬੀਬੀ ਕਮਲੇਸ਼ ਕੌਰ ਘੇੜਾ, ਕੌਮੀ ਪ੍ਰਧਾਨ ਸੰਤ ਸਤਵਿੰਦਰਜੀਤ ਸਿੰਘ ਹੀਰਾ, ਉਪ-ਪ੍ਰਧਾਨ ਗਿਆਨ ਚੰਦ ਦੀਵਾਲੀ, ਜਨ. ਸਕੱਤਰ ਸੁਖਦੇਵ ਲੇਗਾਹ, ਖਜਾਨਚੀ ਅਮਰੀਕ ਘੁਲਾਲ, ਮੈਂਬਰਾਂ ਵਿਚ ਪ੍ਰੇਮ ਚੰਦ (ਲਲਿਤਪੁਰ), ਸੰਤ ਮਾਂਗਨ ਦਾਸ (ਮੱਧ ਪ੍ਰਦੇਸ਼), ਸੰਤ ਬਖਸ਼ੀ ਰਾਮ (ਹਰਿਆਣਾ), ਨਰਿੰਦਰ ਜੱਸੀ (ਦਿੱਲੀ, ਜਲੰਧਰ), ਐਸ ਕੇ ਲਾਜਕਰ (ਲੋਰਨੀ), ਸੰਤ ਮਾਨਕ ਦਾਸ (ਬਿਹਾਰ), ਅਦਿੱਤਿਆ ਹੀਰਾ (ਜੰਮੂ ਕਸ਼ਮੀਰ), ਰਮੇਸ਼ ਪਹਾਰੇ (ਮਹਾਂਰਾਸ਼ਟਰ), ਅੰਤੂ ਦਾਸਮ (ਕਾਂਸ਼ੀ ਬਨਾਰਸ), ਰਾਕੇਸ਼ ਸੱਲਣ (ਰਾਜਸਥਾਨ), ਸੰਤ ਰਾਜ ਕੁਮਾਰ (ਉੱਤਰਾਖੰਡ), ਐਕਟਿਵ ਪ੍ਰਧਾਨ ਪੰਜਾਬ ਸੰਤ ਦਿਆਲ ਚੰਦ ਬੰਗਾ, ਪ੍ਰੀਤਮ ਦਾਸ ਮੱਲ ਸੇਵਾਦਲ ਸੈਂਟਰ ਪ੍ਰਧਾਨ, ਸੁਖਚੈਨ ਸਿੰਘ ਕਾਲਾ (ਮਾਲਵਾ) ਚੁਣਿਆ ਗਿਆ।ਇਸ ਮੌਕੇ ਸੰਗਤਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰਿਆਂ ਨਾਲ ਚੁਣੇ ਗਏ ਮੈਂਬਰਾਂ ਅਤੇ ਅਹੁਦੇਦਾਰਾਂ ਦਾ ਸਵਾਗਤ ਕੀਤਾ ਗਿਆ।

ਸੰਤ ਸਤਵਿੰਦਰ ਹੀਰਾ ਨੂੰ ਆਦਿ ਧਰਮ ਮਿਸ਼ਨ ਭਾਰਤ ਦਾ ਮੁੜ ਕੌਮੀ ਪ੍ਰਧਾਨ ਅਤੇ ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸ਼ਨ ਨੂੰ ਕੌਮੀ ਵਾਇਸ ਪ੍ਰਧਾਨ ਬਣਨ 'ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਖੁਸ਼ੀ ਦੀ ਲਹਿਰ ਪੈਦਾ ਹੋ ਗਈ ਹੈ।ਦੇਸ਼ ਵਿਦੇਸ਼ ਦੀਆਂ ਆਦਿ ਧਰਮੀ ਸੰਗਤਾਂ ਵਲੋਂ ਸੰਦੇਸ਼ ਭੇਜ ਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਆਦਿ ਧਰਮ ਮਿਸ਼ਨ ਦੀ ਲਹਿਰ ਨੂੰ ਪਹਿਲਾਂ ਨਾਲੋਂ ਵੱਧ ਤੇਜੀ ਨਾਲ ਪ੍ਰਚਾਰ ਤੇ ਪ੍ਰਸਾਰ ਰਾਹੀਂ ਪ੍ਰਚੰਡ ਕਰਨ ਦੀਆਂ ਸ਼ੁਭਕਾਮਨਾਵਾਂ ਭੇਜੀਆਂ ਜਾ ਰਹੀਆਂ ਹਨ ।ਇਸ ਮੌਕੇ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਵੱਲੋਂ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਹੋਣ 'ਤੇ ਦੇਸ਼-ਵਿਦੇਸ਼ ਦੀਆਂ ਆਦਿ ਧਰਮੀ ਸੰਗਤਾਂ ਨੂੰ ਵਧਾਈ ਦਿੱਤੀ ਗਈ।

ਚੰਗੀ ਸਿੱਖਿਆ ਤੇ ਸਿਹਤ ਸੇਵਾਵਾਂ ਲਈ ਅੱਗੇ ਵਧ ਰਹੀ ਸੂਬਾ ਸਰਕਾਰ : ਮਾਨ

ਫਗਵਾੜਾ (ਡਾ. ਰਮਨ)- ਪੰਜਾਬ ਸਰਕਾਰ ਰਾਜ ਦੇ ਸਰਕਾਰੀ ਸੂਕਲਾਂ 'ਚ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਅਤੇ ਸਮੂਹ ਨਾਗਰਿਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਅੱਗੇ ਵਧ ਰਹੀ ਹੈ। ਇਹ ਗੱਲ ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਸਥਾਨਕ ਗੋਬਿੰਦਪੁਰਾ ਇਲਾਕੇ ਵਿੱਚ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਮੌਕੇ ਆਪਣੇ ਸੰਬੋਧਨ ਵਿੱਚ ਕਹੀ। ਉਨ੍ਹਾਂ ਦੱਸਿਆ ਕਿ ਫਗਵਾੜਾ ਇਲਾਕੇ ਵਿੱਚ ਇਹ 10ਵਾਂ ਆਮ ਆਦਮੀ ਕਲੀਨਿਕ ਹੈ। ਇਸ ਤੋਂ ਪਹਿਲਾਂ ਸ਼ਹਿਰ ਦੇ ਬਾਬਾ ਗਧੀਆ, ਗੁਰੂ ਹਰਗੋਬਿੰਦ ਨਗਰ, ਮੁਹੱਲਾ ਕੱਲਸਰ, ਹਦੀਆਬਾਦ, ਗੁਰੂ ਨਾਨਕਪੁਰਾ ਤੋਂ ਇਲਾਵਾ ਪਿੰਡ ਸਪਰੋੜ, ਪਲਾਹੀ, ਰਾਣੀਪੁਰ ਅਤੇ ਅਠੌਲੀ ਵਿਖੇ ਮੁਹੱਲਾ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ। ਮਾਨ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਸੂਬੇ ਦੀ ਸੱਤਾ 'ਚ ਆਇਆਂ ਹਾਲੇ ਸਿਰਫ ਦੋ ਕੁ ਸਾਲ ਹੀ ਹੋਏ ਹਨ ਪਰ ਪੰਜਾਬ ਦੇ ਵਿਕਾਸ ਅਤੇ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਨੂੰ ਕਾਫੀ ਹੱਦ ਤੱਕ ਪੂਰਾ ਕੀਤਾ ਜਾ ਚੁੱਕਾ ਹੈ। ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ ਜੋ ਫੋਕੇ ਚੋਣ ਵਾਅਦੇ ਨਹੀਂ ਕਰਦੀ ਸਗੋਂ ਦਿੱਤੀ ਹੋਈ ਹਰੇਕ ਗਰੰਟੀ ਨੂੰ 100 ਫੀਸਦੀ ਪੂਰਾ ਕਰਦੀ ਹੈ। ਇਸ ਤੋਂ ਪਹਿਲਾਂ ਮੁਹੱਲਾ ਗੋਬਿੰਦਪੁਰਾ ਦੇ ਲੋਕਾਂ ਨੇ ਜੋਗਿੰਦਰ ਮਾਨ ਅਤੇ ਹੋਰ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਐਸ.ਐਮ.ਓ ਡਾ: ਲਖਿੰਬਰ ਰਾਮ, ਸਾਬਕਾ ਕੌਂਸਲਰ ਰਵਿੰਦਰ ਰਵੀ, ਬਲਾਕ ਪ੍ਰਧਾਨ ਰਾਜੇਸ਼ ਕੱਲਸਰ, ਪਰਮਜੀਤ ਧਰਮਕੋਟ, ਇੰਦਰਜੀਤ ਪੀਪਾਰੰਗੀ, ਅਨਿਲ ਪਾਂਡੇ, ਰਣਜੀਤ ਪਾਲ ਪਾਬਲਾ, ਨਿਰਮਲ ਸਿੰਘ, ਸ਼ਰਨਜੀਤ ਸਿੰਘ, ਚਮਨ ਲਾਲ, ਮਨਪ੍ਰੀਤ ਸਿੰਘ, ਸੁਰਿੰਦਰ ਮੋਹਨ, ਅਮਨਦੀਪ ਕੌਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਬਣਦਾ ਮਾਣ-ਸਤਿਕਾਰ ਨਾ ਮਿਲਣ ਕਾਰਨ ਐੱਨ ਆਰ ਆਈਜ਼ ਡਾਢੇ ਮਾਯੂਸ-ਗਰਚਾ

ਫਿਲੌਰ, (ਨਿਰਮਲ)ਪਿੰਡ ਸ਼ਾਦੀਪੁਰ ਵਿਖੇ ਐਨ.ਆਰ.ਆਈ. ਖੇਡ ਪ੍ਰਮੋਟਰ ਅਜੈਬ ਸਿੰਘ ਗਰਚਾ ਯੂ.ਕੇ. ਦੀ ਸਰਪ੍ਰਸਤੀ ਹੇਠ ਇਕ ਅਹਿਮ ਮੀਟਿੰਗ ਹੋਈ, ਜਿਸ ਵਿਚ ਵੱਡੀ ਗਿਣਤੀ ਵਿਚ ਐਨ.ਆਰ.ਆਈਜ਼ ਗੋਗੀ ਪੁਰੇਵਾਲ ਯੂ.ਐਸ.ਏ.,ਕੈਮ ਗਿੱਲ ਕੌਮਾਂਤਰੀ ਹਾਕੀ ਖਿਡਾਰੀ ਯੂ.ਐਸ.ਏ., ਜਸਵਿੰਦਰ ਸਿੰਘ ਸੰਧੂ ਯੂ.ਐਸ.ਏ., ਕਮਲਜੀਤ ਸਿੰਘ ਪਾਸਲਾ ਕੈਨੇਡਾ, ਬਲਵੀਰ ਸਿੰਘ ਗਰਚਾ ਯੂ.ਕੇ.,ਪਤਵੰਤੇ ਸ਼ਵਿੰਦਰ ਸਿੰਘ ਉਪਲ ਜਲੰਧਰ, ਰਾਜੇਸ਼ ਵਰਮਾ ਜਲੰਧਰ, ਅਸ਼ੋਕ ਚੱਡਾ, ਕੌਮਾਂਤਰੀ ਵੇਟ ਲਿਫ਼ਟਰ ਹਰਦੀਪ ਸਿੰਘ ਸੈਣੀ, ਸਨਅਤਕਾਰ ਹਰਬੰਸ ਸਿੰਘ ਸੈਣੀ ਲੁਧਿਆਣਾ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ, ਮਨਜਿੰਦਰ ਸਿੰਘ ਇਆਲੀ, ਕਿਸਾਨ ਆਗੂ ਹਿੰਮਤ ਸਿੰਘ ਗਰਚਾ, ਕੁਲਵੀਰ ਸਿੰਘ ਗਰਚਾ ਨੰਬਰਦਾਰ, ਸੇਵਾ ਮੁਕਤ ਐਸ.ਡੀ.ਓ. ਰਵਿੰਦਰ ਕੁਮਾਰ ਫਿਲੌਰ, ਰਣਜੀਤ ਸਿੰਘ ਸ਼ਾਦੀਪੁਰ ਆਦਿ ਵੱਡੀ ਗਿਣਤੀ ਵਿਚ ਹਾਜ਼ਰ ਹੋਏ।ਅਜੈਬ ਸਿੰਘ ਗਰਚਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਐਨ.ਆਰ.ਆਈਜ਼, ਆਪਣੀ ਖੂਨ ਪਸੀਨੇ ਦੀ ਕਮਾਈ 'ਚੋਂ ਹਰ ਸਾਲ ਆਪੋ ਆਪਣੇ ਪਿੰਡਾਂ ਦੀ ਬਿਹਤਰੀ, ਖੇਡਾਂ ਅਤੇ ਖਿਡਾਰੀਆਂ 'ਤੇ ਕਰੋੜਾਂ ਰੁਪਏ ਖਰਚਦੇ ਹਨ ਪਰ ਇਥੋਂ ਦੀਆਂ ਸਰਕਾਰਾਂ ਝੂਠੇ ਵਾਅਦੇ ਅਤੇ ਗੋਗਲੂ ਤੋਂ ਮਿੱਟੀ ਝਾੜਨ ਤੋਂ ਵੱਧ ਕੁੱਝ ਨਹੀਂ ਕਰਦੀਆਂ। ਇਥੋਂ ਤੱਕ ਕਿ ਬਣਦਾ ਮਾਣ ਸਤਿਕਾਰ ਨਾ ਮਿਲਣ ਕਰਕੇ ਐਨ.ਆਰ.ਆਈਜ਼ ਡਾਢੇ ਮਾਯੂਸ ਹਨ।ਉਨ੍ਹਾਂ ਕਿਹਾ ਕਿ ਆਪਣੇ ਦੋਸਤਾਂ ਮਿੱਤਰਾਂ ਨਾਲ ਸਾਲ ਵਿਚ ਦੋ ਤਿੰਨ ਵਾਰ ਉਹ ਉਚੇਚੇ ਤੌਰ 'ਤੇ ਪੰਜਾਬ ਆਉਂਦੇ ਹਨ ਅਤੇ ਇਥੇ ਆ ਕੇ ਵੱਖ ਵੱਖ ਖੇਤਰਾਂ ਵਿਚ ਲੋੜਵੰਦਾਂ ਦੀ ਮਦਦ ਕਰਦੇ ਹਨ। ਦਰਪੇਸ਼ ਅਨੇਕਾਂ ਗੰਭੀਰ ਸਮੱਸਿਆਵਾਂ ਸੰਬੰਧੀ ਅਧਿਕਾਰੀਆਂ ਨੂੰ ਫ਼ੋਨ ਕਰਕੇ, ਕਦੀ ਲਿਖ ਕੇ ਧਿਆਨ ਦਵਾਉਂਦੇ ਹਨ ਪਰ ਸੰਬੰਧਤ ਅਧਿਕਾਰੀ ਸਮੱਸਿਆ ਹੱਲ ਕਰਨ ਦੀ ਬਜਾਏ ਮੁੱਦੇ ਦੀ ਗੱਲ ਨੂੰ ਗੋਲਮੋਲ ਕਰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਸਮੇਂ ਮੀਹ ਹਨ੍ਹੇਰੀ 'ਚ ਸੜਕਾਂ 'ਤੇ ਡਿੱਗੇ ਅਧੂਰੇ ਵੱਢੇ ਦਰਖ਼ਤਾਂ ਕਾਰਨ ਵਾਪਰਦੇ ਹਾਦਸਿਆਂ ਸੰਬੰਧੀ ਸੰਬੰਧਤ ਅਧਿਕਾਰੀਆਂ ਨੂੰ ਵਾਰ ਵਾਰ ਫ਼ੋਨ ਕੀਤਾ ਪਰ ਕਿਸੇ ਦੇ ਕੰਨ 'ਤੇ ਜੂੰਅ ਨਹੀਂ ਸਰਕੀ।ਟ੍ਰੈਫਿਕ ਨਿਯਮ ਦੀ ਪਾਲਣਾ ਨਾ ਹੋਣ ਕਰਕੇ ਹਰ ਰੋਜ਼ ਖ਼ੌਫਨਾਕ ਹਾਦਸੇ ਵਾਪਰਦੇ ਰਹਿੰਦੇ ਹਨ ਪਰ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਵੇਖਦਾ ਡੰਗ ਟਪਾਉਂਦਾ ਰਹਿੰਦਾ ਹੈ। ਨਸ਼ਿਆਂ ਨੇ ਕਥਿਤ ਤੌਰ 'ਤੇ ਜ਼ਿਆਦਾਤਰ ਪੰਜਾਬ ਦੀ ਜਵਾਨੀ ਨਿਗਲ ਲਈ ਹੈ, ਉਥੇ ਵੀ ਸਰਕਾਰਾਂ ਦਮਗੱਜੇ ਮਾਰਨ ਤੋਂ ਵੱਧ ਕੁੱਝ ਕਰਦੀਆਂ ਨਜ਼ਰ ਨਹੀਂ ਆ ਰਹੀਆਂ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਿਆਰ ਕਰਨ ਵਾਲੇ ਐਨ.ਆਰ.ਆਈਜ਼. ਪੰਜਾਬ ਦੇ ਭਵਿੱਖ ਨੂੰ ਲੈ ਕੇ ਡਾਢੇ ਚਿੰਤਤ ਹਨ। ਉਨ੍ਹਾਂ ਦੇਸ਼ ਅਤੇ ਪੰਜਾਬ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਪੰਜਾਬ ਅਤੇ ਪੰਜਾਬੀਅਤ ਦੀ ਬਿਹਤਰੀ ਲਈ ਸੁਹਿਰਦ ਯਤਨ ਕੀਤੇ ਜਾਣ ਤਾਂ ਕਿ ਹੱਸਦਾ ਵੱਸਦਾ ਪੰਜਾਬ ਇਕ ਵਾਰ ਫਿਰ ਸਿਖਰਾਂ ਛੂੰਹਦਾ ਨਜ਼ਰ ਆਵੇ।

ਭਾਜਪਾ ਸਰਕਾਰ ਕਿਸਾਨਾਂ ਨਾਲ ਮਾੜਾ ਵਤੀਰਾ ਅਪਣਾ ਰਹੀ-ਚੰਨੀ

ਫਗਵਾੜਾ,(ਇੰਦਰਜੀਤ ਸਿੰਘ ਮਠਾੜੂ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਨਾਲ ਮਾੜਾ ਵਤੀਰਾ ਅਪਣਾ ਰਹੀ ਹੈ ਤੇ ਉਨ੍ਹਾਂ 'ਤੇ ਗੈਰ ਮਨੁੱਖੀ ਤਸ਼ੱਦਦ ਕਰ ਰਹੀ ਹੈ, ਜਿਸ ਨੂੰ ਪੰਜਾਬੀ ਕਦੇ ਬਰਦਾਸ਼ਤ ਨਹੀਂ ਕਰਨਗੇ। ਇਥੇ ਵਿਸ਼ਵਕਰਮਾ ਮੰਦਿਰ ਵਿਖੇ ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਭਲਾਈ ਵਾਲੀ ਸਰਕਾਰ ਦਾ ਢਿੰਡੋਰਾ ਪਿੱਟਣ ਵਾਲੀ ਕੇਂਦਰ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ 'ਤੇ ਕੋਈ ਤਰਸ ਨਹੀਂ ਆ ਰਿਹਾ, ਜਿਸ ਦੇ ਚੱਲਦਿਆਂ ਉਹ ਸ਼ੰਭੂ ਬਾਰਡਰ 'ਤੇ ਕਿਸਾਨਾਂ ਨਾਲ

28-FEB-PAGE-10.qxd 2/27/2024 11:00 PM Page 1

ਦਿੱਲੀ-ਸੰਗਰੂਰ ਨੈਸ਼ਨਲ ਹਾਈਵੇ 'ਤੇ ਟਰੈਕਟਰ ਖੜੇ ਕਰਕੇ ਰੋਸ ਪ੍ਰਦਰਸ਼ਨ

ਸੰਯੁਕਤ ਕਿਸਾਨ ਮੋਰਚੇ ਦੀਆਂ ਧਿਰਾਂ ਨੇ ਡਬਲਿਯੂ ਟੀ ਓ ਦਾ ਪੁਤਲਾ ਫੂਕਿਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸੰਯੁਕਤ ਕਿਸਾਨ ਮੋਰਚਾ ਵੱਲੋਂ ਦਿੱਤੇ ਸੱਦੇ ਤਹਿਤ ਮੋਰਚੇ ਵਿੱਚ ਸ਼ਾਮਲ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਸੈਂਕੜਿਆਂ ਦੀ ਗਿਣਤੀ ਵਿੱਚ ਟਰੈਕਟਰ ਖੜੇ ਕਰਕੇ ਰੋਸ ਭਰਪੂਰ ਵਿਖਾਵਾ ਕੀਤਾ ਗਿਆ। ਇਸ ਦੌਰਾਨ ਸਹਿਰ ਦੇ ਸਹੀਦ ਭਗਤ ਸਿੰਘ ਚੌਕ ਵਿੱਚ ਕੀਤੇ ਗਏ ਰੋਸ ਮੁਜਾਹਰੇ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕਰਨ ਮਗਰੋਂ ਵਿਸ਼ਵ ਵਪਾਰ ਸੰਗਠਨ ਦਾ ਪੁਤਲਾ ਫੂਕਿਆ।

ਪੁਤਲਾ ਫੂਕਦੇ ਹੋਏ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਧਿਰਾਂ ਦੇ ਵਰਕਰ।

ਇਸ ਰੋਸ ਮੁਜਾਹਰੇ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ 1936, ਜਮਹੂਰੀ ਕਿਸਾਨ ਸਭਾ ਤੇ ਆਲ ਇੰਡੀਆ ਕਿਸਾਨ ਸਭਾ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਮੂਲੀਅਤ ਕਰਦਿਆਂ ਕੇਂਦਰ ਅਤੇ ਹਰਿਆਣਾ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਾਤੜਾਂ ਘੱਗਾ ਰੋਡ ਅਤੇ ਜਥੇਬੰਦੀ ਦੇ ਬਲਾਕ ਮੂਨਕ ਤੇ ਲਹਿਰਾਗਾਗਾ ਵੱਲੋਂ ਦੁਗਾਲ ਤੋਂ ਪਾਤੜਾਂ ਤੱਕ ਵੱਡੀ ਗਿਣਤੀ 'ਚ ਟਰੈਕਟਰ ਖੜੇ ਕਰਕੇ ਗੁੱਸੇ ਦਾ ਪ੍ਰਗਟਾਵਾ ਕੀਤਾ ਗਿਆ। ਸ਼ਹੀਦ ਭਗਤ ਸਿੰਘ ਚੌਕ ਵਿੱਚ ਕੀਤੇ ਗਏ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ 1936 ਦੇ ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮੌਲਵੀਵਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਧੂਹੜ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਦਲਜਿੰਦਰ ਸਿੰਘ ਹਰਿਆਊ, ਏਆਈਕੇਐਸ ਦੇ ਰੇਸਮ ਸਿੰਘ ਪਾਤੜਾਂ ਅਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਪ੍ਰਹਿਲਾਦ ਸਿੰਘ ਨਿਆਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖੇਤੀ ਕਾਨੂੰਨਾਂ ਦੇ ਵਾਪਸੀ ਵੇਲੇ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਨਾ ਸਿਰਫ ਟਾਲਮਟੋਲ ਦੀ ਨੀਤੀ ਅਪਣਾਈ ਗਈ, ਸਗੋਂ ਆਪਣੀ ਜ਼ਿਦ ਪੁਗਾਉਂਦਿਆਂ ਕਿਸਾਨੀ ਸੰਘਰਸ਼ ਨੂੰ ਕੁਚਲਣ ਦੇ ਰਾਹ ਚੱਲੀ ਹੋਈ ਹੈ। ਆਗੂਆਂ ਨੇ ਕਿਹਾ ਕਿ ਕੁਝ ਵਪਰੇਵਿਆਂ ਦੇ ਬਾਵਜੂਦ ਪੰਜਾਬ ਹਰਿਆਣਾ ਸੀਮਾ ਉੱਤੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਜਬਰ ਜ਼ੁਲਮ ਨਾਲ ਦਬਾਉਣ ਦੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਵਿਰੋਧ ਵਿੱਚ ਹਨ। ਖਨੌਰੀ ਬਾਰਡਰ ਉੱਤੇ ਗੋਲੀ ਨਾਲ ਸ਼ਹੀਦ ਕੀਤੇ ਗਏ ਸ਼ੁਭਕਰਮਨ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਆਗੂਆਂ ਨੇ ਕਿਹਾ ਕਿ ਕਿਸਾਨ ਕਿਸੇ ਵੀ ਕੀਮਤ ਉੱਤੇ ਸਰਕਾਰੀ ਜਬਰ ਨੂੰ ਸਹਿਣ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਬਾਰਡਰਾਂ ਉੱਤੇ ਸਾਢੇ ਸੱਤ ਸੌ ਕਿਸਾਨ ਸ਼ਹੀਦ ਕਰਾਉਣ ਹੋਏ ਅਤੇ ਹੁਣ ਫਿਰ ਸਰਕਾਰ ਕਿਸਾਨਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ।

ਸਤਿੰਦਰ ਸਿੰਘ ਚੱਠਾ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਨਿਯੁਕਤ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਧੂਰੀ ਹਲਕੇ ਦੇ ਸੀਨੀਅਰ 'ਆਪ' ਆਗੂ ਸਤਿੰਦਰ ਸਿੰਘ ਚੱਠਾ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਕੰਨਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: (ਕੋਨਵੇਅਰ) ਦੇ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਆਪਣੀ ਨਿਯੁਕਤੀ 'ਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ, ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਫੁੱਟ ਪਾਊ ਸਿਆਸਤ ਨੂੰ ਨਕਾਰਦਿਆਂ ਕਦਰਾਂ-ਕੀਮਤਾਂ 'ਤੇ ਅਧਾਰਤ ਸਿਆਸਤ ਦੀ ਸ਼ੁਰੂਆਤ ਕਰਕੇ ਰਾਜਨੀਤੀ ਵਿੱਚ ਨਵਾਂ ਇੰਨਕਲਾਬ ਲਿਆਂਦਾ ਹੈ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਇੱਕੋ ਇੱਕੋ ਅਜਿਹੀ ਪਾਰਟੀ ਹੈ, ਜਿਸ ਨੇ ਦੇਸ਼ ਤੇ ਸੂਬੇ ਵਿੱਚ ਕ੍ਰਾਂਤੀ ਲਿਆਂਦੀ ਹੈ ਅਤੇ ਆਮ ਘਰਾਂ ਦੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸਰਕਾਰੀ ਨੌਕਰੀਆਂ ਬਿਲਕੁੱਲ ਪਾਰਦਰਸ਼ੀ ਤਰੀਕੇ ਨਾਲ ਤੇ ਨੌਜਵਾਨਾਂ ਦੀ ਕਾਬਲੀਅਤ ਦੇ ਆਧਾਰ 'ਤੇ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਹਰ ਕਦਮ ਸੂਬੇ ਅਤੇ ਇੱਥੋਂ ਦੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ ਤੇ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਆਮ ਆਦਮੀ ਦੀ ਭਲਾਈ 'ਤੇ ਖਰਚ ਕੀਤਾ ਜਾ ਰਿਹਾ ਹੈ।

ਨੌਜਵਾਨ ਵਰਗ ਨੂੰ ਖੇਡ ਸੱਭਿਆਚਾਰ ਨਾਲ ਜੋੜਨ ਦੇ ਉਪਰਾਲੇ ਨਿਰੰਤਰ ਜਾਰੀ : ਅਮਨ ਅਰੋੜਾ

ਖੇੜੀ/ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਿੰਡ ਖੇੜੀ ਵਿਖੇ ਕਰਵਾਏ ਉਦਘਾਟਨੀ ਸਮਾਰੋਹ ਦੌਰਾਨ ਵਾਲੀਬਾਲ ਗਰਾਊਂਡ ਖਿਡਾਰੀਆਂ ਨੂੰ ਸਮਰਪਤ ਕਰਦਿਆਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੀ ਦਿਸ਼ਾ ਵਿੱਚ ਨਿਰੰਤਰ ਸਾਰਥਕ ਕਦਮ ਚੁੱਕੇ ਜਾ ਰਹੇ ਹਨ।ਇਸ ਮੌਕੇ ਵਾਲੀਬਾਲ ਦਾ ਪ੍ਰਦਰਸ਼ਨੀ ਮੈਚ ਵੀ ਹੋਇਆ, ਜਿਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੁਦ ਵੀ ਹਿੱਸਾ ਲਿਆ ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।ਖੇੜੀ ਵਿਖੇ ਉਦਘਾਟਨ ਸਮਾਰੋਹ ਮੌਕੇ ਇਕੱਤਰ ਹੋਏ ਵੱਡੀ ਗਿਣਤੀ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਜਿੱਥੇ ਸੂਬੇ ਵਿੱਚ ਸਰਵਪੱਖੀ ਵਿਕਾਸ ਕਰਵਾਉਣਾ ਸਾਡਾ ਟੀਚਾ ਹੈ, ਉਥੇ ਹੀ ਬੱਚਿਆਂ ਤੇ ਨੌਜਵਾਨਾਂ ਸਮੇਤ ਹੋਰ ਉਮਰ ਵਰਗ ਦੇ ਲੋਕਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਲਈ ਸਰਗਰਮ ਯਤਨ ਜਾਰੀ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡਾਂ ਵਿੱਚ ਬੱਚਿਆਂ ਤੇ ਨੌਜਵਾਨਾਂ ਦੀ ਜ਼ਰੂਰਤ ਮੁਤਾਬਿਕ ਖੇਡ ਮੈਦਾਨ ਬਣਵਾਏ ਜਾ ਰਹੇ ਹਨ ਤਾਂ ਜੋ ਸਾਡੀਆਂ ਨਵੀਆਂ ਪੀੜ੍ਹੀਆਂ ਆਪਣੀ ਪਸੰਦੀਦਾ ਖੇਡ ਨੂੰ ਚੁਣ ਕੇ ਖੇਡ ਵਿੱਚ ਮੁਹਾਰਤ ਹਾਸਲ ਕਰ ਸਕਣ।ਉਨ੍ਹਾਂ ਕਿਹਾ ਕਿ ਅਸੀਂ ਪਿੰਡ ਨੂੰ ਵਾਲੀਬਾਲ ਗਰਾਊਂਡ ਬਣਾਉਣ ਲਈ 4.60 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਸੀ, ਪਰ ਇਸ ਪਿੰਡ ਦੇ ਅਨੁਭਵੀ ਲੋਕਾਂ ਨੇ ਉਸ ਰਾਸ਼ੀ ਨਾਲ ਹੀ ਦੋ ਗਰਾਊਂਡ ਬਣਵਾ ਕੇ ਸ਼ਲਾਘਾਯੋਗ ਉਪਰਾਲਾ ਕੀਤਾ ਹੈ, ਜਿਸ ਲਈ ਪਿੰਡ ਵਾਸੀ ਵਧਾਈ ਦੇ ਪਾਤਰ ਹਨ।ਇਸ ਮੌਕੇ ਸਰਪੰਚ ਅਵਤਾਰ ਸਿੰਘ ਖੇੜੀ, ਮੋਹਨ ਲਾਲ, ਕਾਕਾ ਖੇੜੀ, ਬਬਲੀ ਮੱਟੜ, ਡਾ. ਸੇਠੀ, ਗੁਰਿੰਦਰਪਾਲ ਸਿੰਘ, ਬਲਜਿੰਦਰ ਸਿੰਘ ਬਲਾਕ ਪ੍ਰਧਾਨ, ਮਨਦੀਪ ਸਿੰਘ ਈਲਵਾਲ, ਦੀਪ ਸਰਪੰਚ ਕਨੋਈ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਰਾਏ ਸਿੱਖ ਸੰਮੇਲਨ 'ਚ ਵੱਖ-ਵੱਖ ਪਾਰਟੀਆਂ ਦੇ ਨੇਤਾ ਹੋਏ ਸ਼ਾਮਲ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਮੰਡੀ ਲਾਧੂਕਾ 'ਚ ਰਾਏ ਸਿੱਖ ਸੰਮੇਲਨ ਦਾ ਆਯੋਜਨ ਕਰਾਇਆ ਗਿਆ। ਸੰਮੇਲਨ ਵਿੱਚ ਰਾਏ ਸਿੱਖ ਬਰਾਦਰੀ ਦੇ ਵੱਖ-ਵੱਖ ਪਾਰਟੀਆਂ ਤੋਂ ਨੇਤਾ ਤੇ ਪਤਵੰਤੇ ਪੁਹੰਚੇ।

ਇਹ ਸੰਮੇਲਨ ਰਾਏ ਸਿੱਖ ਬਰਾਦਰੀ ਨੂੰ ਆ ਰਹੀਆਂ ਪ੍ਰੇਸ਼ਾਨੀਆਂ 'ਤੇ ਵਿਚਾਰ ਚਰਚਾ ਕਰਨ ਲਈ ਬੁਲਾਇਆ ਗਿਆ। ਇਸ ਸੰਮੇਲਨ ਦੇ ਆਯੋਜਨ ਕਰਤਾ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੀਤ ਸਿੰਘ ਸਾਹਰੀ ਨੇ ਦੱਸਿਆ ਕਿ ਇਹ ਸੰਮੇਲਨ ਰਾਏ ਸਿੱਖ ਬਰਾਦਰੀ ਦੇ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਬਾਰੇ ਵਿਚਾਰ ਚਰਚਾ ਕਰਨ ਲਈ ਬੁਲਾਇਆ ਗਿਆ ਹੈ।

ਸੰਮੇਲਨ ਵਿਚ ਸਾਬਕਾ ਮੰਤਰੀ ਤੇ ਗੁਰੂ ਹਰਸਹਾਇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਤੋਂ ਇਲਾਵਾ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਵੀ ਸ਼ਾਮਲ ਹੋਣ ਲਈ ਪਹੁੰਚੇ ਹਨ। ਇਸ ਤੋਂ ਇਲਾਵਾ ਅਕਾਲੀ ਦਲ ਨੇਤਾ ਸੰਪੂਰਨ ਸਿੰਘ ਤੇ ਹੋਰ ਵੱਖ-ਵੱਖ ਪਾਰਟੀਆਂ ਦੇ ਨੇਤਾ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਰਾਏ ਸਿੱਖ ਬਿਰਾਦਰੀ ਨੂੰ ਖਾਸ ਕਰ ਸਰਹੱਦੀ ਇਲਾਕੇ 'ਚ ਰਹਿੰਦੇ ਰਾਏ ਸਿੱਖ ਬਰਾਦਰੀ ਦੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਆ ਰਹੀਆਂ ਹਨ, ਜਿਸ ਸੰਬੰਧ ਵਿੱਚ ਕਈ ਸਮਾਜਿਕ ਅਤੇ ਆਰਥਿਕ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਮਿਸ਼ਨ 2024 ਦੇ ਪਾਰਲੀਮੈਂਟ ਇਲੈਕਸ਼ਨ ਨੂੰ ਲੈ ਕੇ ਵੀ ਚਰਚਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਦੇਸ ਦੀ ਅਜ਼ਾਦੀ ਤੋਂ ਬਾਅਦ ਅੱਜ ਤੱਕ ਰਾਏ ਸਿੱਖ ਬਿਰਾਦਰੀ ਨੂੰ ਬਣਦਾ ਮਾਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਵਿੱਚ 5 ਲੱਖ ਦੇ ਕਰੀਬ ਰਾਏ ਸਿੱਖ ਬਰਾਦਰੀ ਦੀ ਵੋਟ ਹੈ, ਜਿਸ ਕਾਰਨ ਰਾਏ ਸਿੱਖ ਬਿਰਾਦਰੀ ਦੇ ਉਮੀਦਵਾਰ ਨੂੰ ਇੱਥੇ ਪਹਿਲ ਦੇ ਅਧਾਰ 'ਤੇ ਟਿਕਟ ਦੇਣ ਦੀ ਮੰਗ ਵੀ ਕੀਤੀ ਜਾ ਰਹੀ ਹੈ।

ਡਬਲਿਊ ਟੀ ਓ ਦੀ ਮੀਟਿੰਗ 'ਚੋਂ ਭਾਰਤ ਕਿਸਾਨਾਂ ਦੇ ਹਿੱਤਾਂ ਦੇ ਮੱਦੇਨਜ਼ਰ ਵਾਕਆਊਟ ਕਰੇ : ਰਾਜੇਵਾਲ

ਸਮਰਾਲਾ (ਸੁਰਜੀਤ ਸਿੰਘ)

ਸੰਯੁਕਤ ਕਿਸਾਨ ਮੋਰਚਾ ਦੁਆਰਾ ਦਿੱਤੇ ਹੋਏ ਸੱਦੇ 'ਤੇ ਬੀ.ਕੇ.ਯੂ. (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਤੇ ਬੀ.ਕੇ.ਯੂ. (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਦੀ ਅਗਵਾਈ ਹੇਠ ਸਮਰਾਲਾ ਬਾਈਪਾਸ ਤੇ ਚੰਡੀਗੜ੍ਹ-ਲੁਧਿਆਣਾ ਰੋਡ 'ਤੇ ਹਜ਼ਾਰਾਂ ਕਿਸਾਨਾਂ ਵੱਲੋਂ ਟਰੈਕਟਰ ਲਿਆ ਦਿੱਲੀ ਵੱਲ ਨੂੰ ਮੂੰਹ ਕਰਕੇ ਖੜੇ ਕਰ ਦਿੱਤੇ ਤੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਅਬੂਧਾਬੀ ਵਿਖੇ ਡਬਲਯੂ.ਟੀ.ਓ. ਦੀ ਮੀਟਿੰਗ ਵਿੱਚ ਖੇਤੀ ਨੂੰ ਪ੍ਰਭਾਵਿਤ ਕਰਨ ਪ੍ਰਤੀ ਕੇਂਦਰ ਨੂੰ ਤਾੜਨਾ ਕੀਤੀ ਕਿ ਜੇਕਰ ਇਸ ਮੀਟਿੰਗ ਵਿੱਚ ਕਿਸਾਨਾਂ ਵਿਰੁੱਧ ਕਿਸੇ ਮਤੇ ਦਾ ਸਮਰਥਨ ਕੀਤਾ ਗਿਆ ਤਾਂ ਉਸ ਪ੍ਰਤੀ ਪੂਰੇ ਭਾਰਤ ਦੇ ਕਿਸਾਨ ਚੁੱਪ ਨਹੀਂ ਬੈਠਣਗੇ। ਉਨ੍ਹਾਂ ਅੱਗੇ ਇਹ ਵੀ ਮੰਗ ਕੀਤੀ ਕਿ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਲਈ ਭਾਰਤ ਨੂੰ ਇਸ ਮੀਟਿੰਗ ਵਿੱਚੋਂ ਵਾਕਆਊਟ ਕਰਕੇ ਬਾਹਰ ਆਉਣਾ ਚਾਹੀਦਾ ਹੈ। ਕਿਸਾਨ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਡਬਲਯੂ.ਟੀ.ਓ. ਦੀ ਮੀਟਿੰਗ ਦਾ ਮੁੱਖ ਮੁੱਦਾ ਕਿਸਾਨਾਂ ਨੂੰ ਮਿਲਦੀਆਂ ਸਬਸਿਡੀਆਂ ਬੰਦ ਕਰਨਾ ਹੈ ਜਾਂ ਫਿਰ ਸਬਸਿਡੀ ਕੁੱਲ ਕੀਮਤ ਦਾ 10 ਪ੍ਰਤੀਸ਼ਤ ਮਿਲਣੀ ਚਾਹੀਦੀ ਹੈ। ਇਹ ਸਾਰਾ ਕੁਝ ਕਿਸਾਨਾਂ ਦੇ ਹਿੱਤਾਂ ਵਿੱਚ ਨਹੀਂ ਹੈ। ਇਸੇ ਦੇ ਵਿਰੋਧ ਵਿੱਚ ਪੂਰੇ ਭਾਰਤ ਦੇ ਕਿਸਾਨ ਆਪਣੇ ਟਰੈਕਟਰ ਸੜਕਾਂ ਉੱਤੇ ਖੜੇ ਕਰਕੇ ਵਿਰੋਧ ਕਰ ਰਹੇ ਹਨ। ਸੰਯੁਕਤ ਮੋਰਚੇ ਵੱਲੋਂ ਦਿੱਤੇ ਸੱਦੇ ਦਾ ਪੂਰੇ ਭਾਰਤ ਵਿੱਚ ਸਮੱਰਥਨ ਮਿਲ ਰਿਹਾ ਹੈ। ਸੱਦੇ ਵਿੱਚ ਬੀ. ਕੇ. ਯੂ. (ਰਾਜੇਵਾਲ), ਬੀ.ਕੇ.ਯੂ. (ਲੱਖੋਵਾਲ) ਤੋਂ ਇਲਾਵਾ ਭਾਕਿਯੂ (ਕਾਦੀਆਂ), ਬੀ. ਕੇ. ਯੂ. (ਉਗਰਾਹਾਂ) ਆਦਿ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ ਅਤੇ ਆਗੂਆਂ ਨੇ ਕੇਂਦਰ ਸਰਕਾਰ ਖਿਲਾਫ ਭੜਾਸ ਕੱਢੀ ਤੇ ਕੇਂਦਰ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਕਿ ਉਹ ਦੇਸ਼ ਦੇ ਅੰਨਦਾਤੇ ਨਾਲ ਆਢਾ ਆਉਣਾ ਬੰਦ ਕਰਕੇ, ਉਨ੍ਹਾਂ ਦੀਆਂ ਮੰਗਾਂ ਨੂੰ ਗੰਭੀਰ ਹੋ ਕੇ ਉਨ੍ਹਾਂ 'ਤੇ ਫ਼ੈਸਲੇ ਲਵੇ, ਜਿਸ ਦਿਨ ਦੇਸ਼ ਦਾ ਅੰਨਦਾਤਾ ਹੜਤਾਲ 'ਤੇ ਚਲਿਆ ਗਿਆ ਤਾਂ ਪੂਰੇ ਦੇਸ਼ ਵਿੱਚ ਗੰਭੀਰ ਸੰਕਟ ਪੈਦਾ ਹੋ ਜਾਵੇਗਾ।

ਸ਼ੈੱਫ ਮੁਕਾਬਲੇ 'ਚ ਦੇਸ਼ ਭਗਤ 'ਵਰਸਿਟੀ ਨੇ ਜਿੱਤਿਆ ਪਹਿਲਾ ਇਨਾਮ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ, ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਵਿਖੇ ਆਯੋਜਤ ਪੰਜਾਬ ਖੇਤਰ ਲਈ ਐਵਰੈਸਟ ਕੁਲੀਨਰੀ ਚੈਲੇਂਜ ਸੀਜ਼ਨ-5, ਬੇਕਰੀ ਸ਼ੈੱਫ ਮੁਕਾਬਲੇ ਵਿੱਚ ਪਹਿਲਾ ਇਨਾਮ ਜਿੱਤਿਆ ਹੈ।ਮਜ਼ਬੂਤ ਪ੍ਰਤੀਯੋਗੀਆਂ ਦੇ ਸਾਹਮਣੇ ਦੇਸ਼ ਭਗਤ ਯੂਨੀਵਰਸਿਟੀ ਦੀਆਂ ਚਾਰ ਟੀਮਾਂ ਨੇ ਆਪਣੇ ਰਸੋਈ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ।ਟੀਮ ਵਿੱਚ ਕਾਜਲ ਤੇ ਕਸਕ, ਲਕਸ਼ਮੀ ਕੁਮਾਰੀ

28-FEB-PAGE-11-Majha-24.qxd 2/27/2024 11:25 PM Page 1

ਸ਼ੁਭਕਰਨ ਦੀ ਮੌਤ ਦੇ ਰੋਸ ਵਜੋਂ ਖੱਟਰ, ਮੋਦੀ ਤੇ ਅਮਿਤ ਸ਼ਾਹ ਦਾ ਪੁਤਲਾ ਫੂਕਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬੀਤੇ ਦਿਨੀਂ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੇ ਰੋਸ ਵਜੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਇਕਾਈ ਚੀਮਾ ਖੁਰਦ, ਮਨਿਹਾਲਾ, ਅਮੀਸ਼ਾਹ, ਮੱਦਰ, ਪਹੂਵਿੰਡ ਤੇ ਵਾਂ ਤਾਰਾ ਸਿੰਘ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਕਿਸਾਨ ਆਗੂ ਦਿਲਬਾਗ ਸਿੰਘ ਪਹੂਵਿੰਡ ਤੇ ਰਣਜੀਤ ਸਿੰਘ ਚੀਮਾ ਨੇ ਕਿਹਾ ਕਿ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਲਈ ਹਰਿਆਣਾ ਤੇ ਕੇਂਦਰ ਦੀ ਭਾਜਪਾ ਸਰਕਾਰ ਜ਼ਿੰਮੇਵਾਰ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਦੀ ਆਵਾਜ਼ ਨੂੰ ਦਬਾਉਣ ਲਈ ਮੋਦੀ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ।ਉਨ੍ਹਾਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਖ਼ਾਤਰ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਤੇ ਕੇਂਦਰ ਸਰਕਾਰ ਵੱਲੋਂ ਤਸ਼ੱਦਦ ਢਾਹੁਣਾ ਇਹ ਸਾਬਤ ਕਰਦਾ ਹੈ ਕਿ ਭਾਜਪਾਈ ਕਿਸਾਨ ਵਿਰੋਧੀ ਹਨ।ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਅਣਮਨੁੱਖੀ ਤਸ਼ੱਦਦ ਢਾਹ ਕੇ ਵੱਡੀ ਗਿਣਤੀ 'ਚ ਕਿਸਾਨਾਂ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕੀਤਾ ਹੈ ਤੇ ਅਨੇਕਾਂ ਤੋਂ ਉਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਖੋਹ ਲਈ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ 2 ਪ੍ਰਤੀਸ਼ਤ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ 98 ਪ੍ਰਤੀਸ਼ਤ ਲੋਕਾਂ ਦਾ ਗਲਾ ਘੁੱਟ ਰਹੀ ਹੈ।ਇਸ ਮੌਕੇ ਪੂਰਨ ਸਿੰਘ ਮੱਦਰ, ਸਤਨਾਮ ਸਿੰਘ ਮਨਿਹਾਲਾ ਤੇ ਅਜਮੇਰ ਸਿੰਘ ਅਮੀਸ਼ਾਹ ਨੇ ਕੇਂਦਰ ਸਰਕਾਰ ਪਾਸੋਂ ਤੁਰੰਤ ਪਾਰਲੀਮੈਂਟ ਸੈਸ਼ਨ ਸੱਦ ਕੇ ਐੱਮਐੱਸਪੀ ਗਾਰੰਟੀ ਕਾਨੂੰਨ ਬਣਾਉਣ, ਕਿਸਾਨ-ਮਜ਼ਦੂਰਾਂ ਦੇ ਕਰਜ਼ੇ ਤੁਰੰਤ ਮੁਆਫ਼ ਕਰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ, ਬਿਜਲੀ ਸੋਧ ਬਿੱਲ 2020 ਰੱਦ ਕਰਨ, ਲਖੀਮਪੁਰ ਖੀਰੀ ਕਤਲਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਭੂਮੀ ਐਕਟ ਵਿੱਚ ਸੋਧ ਨੂੰ ਰੱਦ ਕਰਨ ਦੀ ਮੰਗ ਕੀਤੀ।ਇਸ ਮੌਕੇ ਸ਼ਰਨਜੀਤ ਸਿੰਘ ਚੀਮਾ, ਸ਼ਮਸ਼ੇਰ ਸਿੰਘ ਚੀਮਾ, ਬੋਹੜ ਸਿੰਘ ਚੀਮਾ, ਪ੍ਰਤਾਪ ਸਿੰਘ ਚੀਮਾ, ਗੁਰਜੰਟ ਸਿੰਘ ਚੀਮਾ, ਹਰਜੀਤ ਸਿੰਘ ਚੀਮਾ, ਗੁਰਜਿੰਦਰ ਸਿੰਘ ਚੀਮਾ, ਕਰਨ ਚੀਮਾ, ਮਹਾਂਬੀਰ ਸਿੰਘ ਚੀਮਾ, ਸੁਖਚੈਨ ਸਿੰਘ ਅਮੀਰਕੇ, ਲਖਵਿੰਦਰ ਸਿੰਘ ਵਾੜਾ ਠੱਠੀ, ਗੁਰਬਖਸ਼ ਸਿੰਘ ਵਾੜਾ ਠੱਠੀ, ਦਿਲਬਾਗ ਸਿੰਘ ਵਾੜਾ ਠੱਠੀ, ਚਮਕੌਰ ਸਿੰਘ ਵਾੜਾ ਠੱਠੀ, ਹਰਗੁਰਿੰਦਰ ਸਿੰਘ ਵਾੜਾ ਠੱਠੀ, ਸੁਰਿੰਦਰ ਸਿੰਘ ਵਾੜਾ ਠੱਠੀ, ਹਰਦਿਆਲ ਸਿੰਘ ਵਾੜਾ ਠੱਠੀ, ਜਰਮਨਜੀਤ ਸਿੰਘ ਵਾੜਾ ਠੱਠੀ, ਸ਼ਮਸ਼ੇਰ ਸਿੰਘ ਵਾੜਾ ਠੱਠੀ, ਅਖਤਿਆਰ ਸਿੰਘ ਮਨਿਹਾਲਾ, ਰਾਜਬੀਰ ਸਿੰਘ ਮਨਿਹਾਲਾ, ਬਲਿਹਾਰ ਸਿੰਘ ਮਨਿਹਾਲਾ, ਅੰਗਰੇਜ਼ ਸਿੰਘ ਵਾਂ, ਅਮਰਜੀਤ ਸਿੰਘ ਵਾਂ, ਅਮਰਜੀਤ ਸਿੰਘ ਵਾਂ, ਗੁਰਲਾਲ ਸਿੰਘ ਵਾਂ, ਕੰਵਲਜੀਤ ਸਿੰਘ ਪਹੂਵਿੰਡ, ਜਗਜੀਤ ਸਿੰਘ ਪਹੂਵਿੰਡ, ਬਲਵਿੰਦਰ ਸਿੰਘ ਪਹੂਵਿੰਡ, ਹੀਰਾ ਸਿੰਘ ਮੱਦਰ, ਹਰਭਜਨ ਸਿੰਘ ਮੱਦਰ, ਕਸ਼ਮੀਰ ਸਿੰਘ ਅਮੀਸ਼ਾਹ, ਗੁਰਵਿੰਦਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ ਆਦਿ ਆਗੂ ਹਾਜ਼ਰ ਸਨ।

ਭੇਟ ਪੱਤਣ ਬਿਆਸ ਦਰਿਆ ਉਪਰ ਪਲਟੂਨ ਪੁਲ ਬਣ ਕੇ ਤਿਆਰ

ਸ੍ਰੀ ਹਰਗੋਬਿੰਦਪੁਰ ਸਾਹਿਬ (ਕੌਸ਼ਲ ਪੁਰੀ)-ਨਜ਼ਦੀਕੀ ਪਿੰਡ ਭੇਟ ਪੱਤਣ ਬਿਆਸ ਦਰਿਆ ਉੱਪਰ ਪੀਡਬਲਯੂਡੀ ਵੱਲੋਂ ਹਰ ਸਾਲ ਸੰਗ ਦੇ ਮੇਲੇ ਨੂੰ ਲੈ ਕੇ ਪਲਟੂਨ ਪੁਲ ਬਣਾਇਆ ਜਾਂਦਾ ਹੈ।

ਇਸ ਵਾਰ ਵੀ ਬਿਆਸ ਦਰਿਆ ਉਪਰ ਸੰਗ ਦੇ ਮੇਲੇ ਤੋਂ ਪਹਿਲਾਂ ਪਲਟੂਨ ਪੁਲ ਬਣਾਇਆ ਗਿਆ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪੀਡਬਲਯੂਡੀ ਦੇ ਜੇ. ਈ. ਕੰਵਲਜੀਤ ਸਿੰਘ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਤੇ ਹਲਕਾ ਵਿਧਾਇਕ ਐਡਵੋਕੇਟ ਅਮਰ ਪਾਲ ਸਿੰਘ ਦੀ ਯੋਗ ਅਗਵਾਈ ਹੇਠ ਸੰਗਤਾਂ ਲਈ ਇਹ ਪੁਲ ਬਣਾਇਆ ਗਿਆ ਹੈ ਜਿਸ ਦੀ ਲਾਗਤ ਲੱਗਭੱਗ ਸਾਢੇ ਛੇ ਲੱਖ ਰੁਪਿਆ ਆਈ ਹੈ। ਸੰਗ ਤਕਰੀਬਨ ਮਾਰਚ ਮਹੀਨੇ ਦੇ ਪਹਿਲੇ ਹਫਤੇ ਆਉਣਾ ਹੈ ਪਰ ਮਹਿਕਮੇ ਵੱਲੋਂ ਇਹ ਪੁਲ ਪਹਿਲਾਂ ਹੀ ਬਣਾ ਕੇ ਲੋਕ ਅਰਪਣ ਕਰ ਦਿੱਤਾ ਗਿਆ।

ਬਹਿਲ ਵੱਲੋਂ ਗਜ਼ਨੀਪੁਰ, ਤਤਲੇ, ਮੰਗਲ ਹੁਸੈਨ ਤੇ ਵਾਰਡ ਨੰਬਰ 6 ਅੰਜਲਾ 'ਚ ਲੱਗੇ ਕੈਂਪਾਂ ਦਾ ਦੌਰਾ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਜਿੱਥੇ ਸਬੰਧਿਤ ਸੇਵਾਵਾਂ ਪ੍ਰਦਾਨ ਕੀਤੀਆਂ ਉੱਥੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਕੀਤਾ ਜਾਂਦਾ ਹੈ।ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਇੱਕ ਨਿਵੇਕਲਾ ਉਪਰਾਲਾ ਹੈ, ਜਿਸ ਲਈ ਲੋਕਾਂ ਨੂੰ ਇਸ ਦਾ ਜ਼ਰੂਰ ਲਾਭ ਲੈਣਾ ਚਾਹੀਦਾ ਹੈ। ਇਸੇ ਦੌਰਾਨ ਚੇਅਰਮੈਨ ਬਹਿਲ ਨੇ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਗਜ਼ਨੀਪੁਰ, ਤਤਲੇ, ਮੰਗਲ ਹੁਸੈਨ ਅਤੇ ਗੁਰਦਾਸਪੁਰ ਸ਼ਹਿਰ ਦੇ ਵਾਰਡ ਨੰਬਰ 6 ਅੰਜਲਾ ਵਿਖੇ ਲਗਾਏ ਗਏ ਕੈਂਪਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਤੇ ਪ੍ਰੋਗਰਾਮਾਂ ਬਾਰੇ ਜਾਗਰੂਕ ਕਰਕੇ ਲੋਕਾਂ ਦੀ ਫੀਡਬੈਕ ਵੀ ਹਾਸਲ ਕੀਤੀ।ਇਸ ਮੌਕੇ ਉਨ੍ਹਾਂ ਦੇ ਨਾਲ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ ਵੀ ਮੌਜੂਦ ਸਨ।ਬਹਿਲ ਨੇ ਕਿਹਾ ਕਿ ਹੁਣ ਵੱਖ-ਵੱਖ ਤਰ੍ਹਾਂ ਦੀਆਂ 43 ਸੇਵਾਵਾਂ ਆਪਣੇ ਘਰਾਂ ਨੇੜੇ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਉਹ ਸਹੂਲਤਾਂ ਲੋਕਾਂ ਦੇ ਘਰਾਂ ਤੱਕ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫ਼ਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐੱਨਆਰਆਈ ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਪਵਿੱਤਰ ਤਖ਼ਤਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ 7ਵੀਂ ਬੱਸ ਰਵਾਨਾ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਬੱਬਰੀ (ਨੰਗਲ) ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਗੁਰਧਾਮਾਂ ਅਤੇ ਸ੍ਰੀ ਹਰਮੰਦਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ 43 ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਵਿਧਾਨ ਸਭਾ ਹਲਕਾ ਗੁਰਦਾਸਪੁਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਰਵਾਨਾ ਹੋਣ ਵਾਲੀ ਇਹ 7ਵੀਂ ਬੱਸ ਸੀ।ਬੱਸ ਨੂੰ ਰਵਾਨਾ ਕਰਨ ਮੌਕੇ ਗੱਲਬਾਤ ਕਰਦੇ ਹੋਏ ਚੇਅਰਮੈਨ ਬਹਿਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵਸਨੀਕ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦੇ ਲਈ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦੇ ਤਹਿਤ ਹਜ਼ਾਰਾਂ ਹੀ ਸ਼ਰਧਾਲੂ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਥਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਜਾਣ ਵਾਲੇ ਸ਼ਰਧਾਲੂਆਂ ਨੂੰ ਪੰਜਾਬ ਸਰਕਾਰ ਦੀ ਤਰਫ਼ੋਂ ਯਾਤਰਾ ਤੇ ਜਾਣ ਦੇ ਲਈ ਲੋੜੀਂਦਾ ਸਮਾਨ ਕਿੱਟ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਤਾਂ ਕਿ ਰਸਤੇ ਵਿੱਚ ਵੀ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ।ਇਸ ਮੌਕੇ ਮਾਰਕੀਟ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਭਾਰਤ ਭੂਸ਼ਨ ਸ਼ਰਮਾ ਨੇ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਰਾਜ ਸਰਕਾਰ ਦੇ ਇਸ ਉਪਰਾਲੇ ਨਾਲ ਬਹੁਤ ਸਾਰੇ ਬਜ਼ੁਰਗ ਸ਼ਰਧਾਲੂ ਜੋ ਤੀਰਥ ਯਾਤਰਾ ਤੇ ਨਹੀਂ ਜਾ ਸਕੇ ਸਨ ਉਹ ਵੀ ਪਾਵਨ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਯੋਜਨਾ ਤੋਂ ਸੂਬਾ ਵਾਸੀ ਬੇਹੱਦ ਖ਼ੁਸ਼ ਹਨ।

'ਆਪ' ਵੱਲੋਂ 28 ਵੱਖ-ਵੱਖ ਬੋਰਡਾਂ ਦੇ ਡਾਇਰੈਕਟਰ/ਮੈਂਬਰ ਤੇ ਚੇਅਰਮੈਨਾਂ ਦੀਆਂ ਨਿਯੁਕਤੀਆਂ 'ਤੇ ਵਧਾਈ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਆਮ ਆਦਮੀ ਪਾਰਟੀ ਵੱਲੋਂ 28 ਵੱਖ-ਵੱਖ ਬੋਰਡਾਂ ਦੇ ਡਾਇਰੈਕਟਰ ਮੈਂਬਰ ਅਤੇ ਚੇਅਰਮੈਨ ਨਿਯੁਕਤ ਕੀਤੇ ਗਏ ਜਿਸ ਦੇ ਤਹਿਤ ਜ਼ਿਲਾ ਤਰਨ ਤਾਰਨ ਦੇ ਨੁਮਾਇੰਦਿਆਂ ਨੂੰ ਵੀ ਨੁਮਾਇੰਦਗੀਆਂ ਦਿੱਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ ਤੇ ਜਨਰਲ ਸਕੱਤਰ ਚੇਅਰਮੈਨ ਰਾਜਿੰਦਰ ਸਿੰਘ ਉਸਮਾ ਵੱਲੋਂ ਨਵ-ਨਿਯੁਕਤ ਨੁਮਾਇੰਦਿਆਂ ਨੂੰ ਸਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੁਮਾਇੰਦਗੀਆਂ ਵਿੱਚ ਜੁਆਇੰਟ ਸੈਕਟਰੀ ਪੰਜਾਬ ਯੂਥ ਵਿੰਗ ਸੇਵਕਪਾਲ ਸਿੰਘ ਝੰਡੇਰ ਮਹਾਂਪੁਰਖਾਂ ਨੂੰ ਸੀਵਰੇਜ ਬੋਰਡ ਦਾ ਡਾਇਰੇਕਟਰ, ਜ਼ਿਲ੍ਹਾ ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਧੁੰਨਾ ਨੂੰ ਪੰਜਾਬ ਮੰਡੀ ਬੋਰਡ ਦਾ ਮੈਂਬਰ, ਖਜ਼ਾਨਚੀ ਲਖਵਿੰਦਰ ਸਿੰਘ ਨੂੰ ਪਸ਼ੂ ਭਲਾਈ ਬੋਰਡ ਪੰਜਾਬ ਦਾ ਮੈਂਬਰ, ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅੰਜੂ ਵਰਮਾ ਨੂੰ ਬਿਲਡਿੰਗ ਅਤੇ ਹੋਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਮੈਂਬਰ, ਬਲਾਕ ਪ੍ਰਧਾਨ ਯਾਦਵਿੰਦਰ ਸਿੰਘ ਚਾਹਲ ਨੂੰ ਸਿੱਖਿਆ ਵਿਕਾਸ ਬੋਰਡ ਪੰਜਾਬ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਨਿਯੁਕਤੀਆਂ ਲਈ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਬਹਿੜਵਾਲ ਨੇ ਪਾਰਟੀ ਹਾਈ ਕਮਾਨ 'ਆਪ' ਸੁਪਰੀਮੋ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਸਾਰੇ ਸਹਿਯੋਗੀ ਸਾਥੀਆਂ ਨੂੰ ਜ਼ਿੰਮੇਵਾਰੀਆਂ ਲਈ ਵਧਾਈਆਂ ਦਿੱਤੀਆਂ।

ਉਨ੍ਹਾਂ ਆਮ ਆਦਮੀ ਪਾਰਟੀ ਦੇ ਹੋਰ ਵਰਕਰ ਅਤੇ ਵਲੰਟੀਅਰ ਸਾਥੀਆਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਜਿਸ ਨੇ ਵੀ ਪਾਰਟੀ ਦੀ ਬੇਹਤਰੀ ਲਈ ਕੰਮ ਕੀਤਾ ਹੈ ਉਸ ਨੂੰ ਉਸ ਦਾ ਬਣਦਾ ਮਾਣ ਸਨਮਾਨ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਮਿਲਦਾ ਰਹੇਗਾ ਕਿਉਂਕਿ ਪਾਰਟੀ ਵੱਲੋਂ ਅੱਜ ਤੱਕ ਆਈਆਂ ਅਹੁਦੇਦਾਰੀਆਂ ਹਰ ਇੱਕ ਵਲੰਟੀਅਰ ਸਾਥੀ ਨੂੰ ਹੀ ਮਿਲੀਆਂ ਹਨ। ਮੈਂ ਅਰਦਾਸ ਕਰਦਾ ਹਾਂ ਕਿ ਤੁਹਾਨੂੰ ਤੁਹਾਡਾ ਬਣਦਾ ਮਾਣ ਸਨਮਾਨ ਜਲਦ ਪ੍ਰਾਪਤ ਹੋਵੇ।

ਟੀਮ ਵਰਕ ਆਰਟ ਵੱਲੋਂ ਆਯੋਜਿਤ 'ਸਲੀਪਵੈੱਲ ਦਿ ਸੈਕਰਡ ਅੰਮ੍ਰਿਤਸਰ-2024' ਸਮਾਪਤ

ਜਲੰਧਰ : ਸਲੀਪਵੈੱਲ, ਟੀਮ ਵਰਕ ਆਰਟਸ ਅਤੇ ਰੰਗਲਾ ਪੰਜਾਬ ਦੁਆਰਾ ਪੇਸ਼ ਕੀਤਾ ਗਿਆ ਸੈਕਰਡ ਅੰਮ੍ਰਿਤਸਰ 2024 ਦੋ ਦਿਨਾਂ ਦੇ ਬੇਮਿਸਾਲ ਪ੍ਰਦਰਸਨਾਂ, ਉਤਸ਼ਾਹਜਨਕ ਗੱਲਬਾਤ, ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਵਿਰਾਸਤੀ ਸੈਰ ਅਤੇ ਹੋਰ ਬਹੁਤ ਕੁਝ ਤੋਂ ਬਾਅਦ ਸ਼ੁਰੂ ਹੋਇਆ! ਇਹ ਸਭ ਕੁਝ ਅੰਮ੍ਰਿਤਸਰ ਦੇ ਸ਼ਾਨਦਾਰ ਸ਼ਹਿਰ ਦੇ ਤਿੰਨ ਮੁੱਖ ਸਥਾਨਾਂ 'ਤੇ ਹੋਇਆ: ਧਰਤੀ, ਅੰਮ੍ਰਿਤਸਰ; ਟਾਊ

28-Fab-PAGE-12.qxd 2/27/2024 11:09 PM Page 1

ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨੇ ਬੈਂਸ ਵਿਖੇ ਲਗਾਇਆ ਅੱਖਾਂ ਦਾ ਮੁਫਤ ਅਪਰੇਸ਼ਨ ਕੈਂਪ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ ਗੁਰਦੁਆਰਾ ਗੁਰੂ ਰਵੀਦਾਸ ਜੀ ਪਿੰਡ ਬੈਂਸ ਵਿਖੇ ਆਪਣੇ ਫਾਊਂਡਰ ਮੈਂਬਰ ਸਵ: ਗੁਰਦੇਵ ਸਿੰਘ ਦੀ ਯਾਦ ਵਿਚ ਲਗਾਇਆ ਗਿਆ। ਉਦਘਾਟਨ ਧਾਰਮਿਕ ਆਗੂ ਅਤੇ ਉੱਘੇ ਸਮਾਜ ਸੇਵੀ ਬਰਜਿੰਦਰ ਸਿੰਘ ਹੁਸੈਨਪੁਰ ਵਲੋਂ ਕੀਤਾ ਗਿਆ।ਜ਼ਿਕਰਯੋਗ ਹੈ ਕਿ ਸੁਸਾਇਟੀ ਵਲੋਂ ਪਿਛਲੇ ਚਾਰ ਸਾਲਾਂ ਦੌਰਾਨ ਅੱਖਾਂ ਦਾ ਇਹ ਗਿਆਰਵਾਂ ਮੁਫਤ ਅਪਰੇਸ਼ਨ ਕੈਂਪ ਹੈ ।

ਪੰਥ ਪ੍ਰਸਿੱਧ ਵਿਦਵਾਨ ਅਤੇ ਸੁਸਾਇਟੀ ਦੇ ਮੁੱਖ ਸਰਪ੍ਰਸਤ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨਾਂ ਨੇ ਸੰਗਤਾਂ ਨੂੰ ਸੰਬਧੋਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਉਨਾਂ ਦੇ ਉਪਦੇਸ਼ ਅੱਜ ਸਮੁੱਚੀ ਲੋਕਾਈ ਲਈ ਚਾਨਣ ਮੁਨਾਰਾ ਹਨ ਅਤੇ ਉਨਾਂ ਦੇ ਜੀਵਨ ਤੋਂ ਸੇਧ ਲੈ ਕੇ ਪਦਾਰਥਵਾਦ ਦੇ ਯੁੱਗ ਵਿਚ ਵੀ ਅੱਜ ਗਰੀਬ ਅਤੇ ਲੋੜਵੰਦਾਂ ਦੇ ਭਲੇ ਲਈ ਸੰਸਥਾਵਾਂ ਵਲੋਂ ਨੇਕ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਉਨਾਂ ਨੇ ਸੁਸਾਇਟੀ ਵਲੋਂ ਗੁਰਦੁਆਰਾ ਕਮੇਟੀ, ਗ੍ਰਾਮ ਪੰਚਾਇਤ ਅਤੇ ਗੁਰਦੇਵ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਵੀ ਕੀਤਾ। ਕੈਂਪ ਦੌਰਾਨ ਡਾ: ਮਨਦੀਪ ਕੌਰ ਵਲੋਂ ਤਿੰਨ ਸੌ ਤੋਂ ਵੀ ਵੱਧ ਮਰੀਜਾਂ ਦੀ ਜਾਂਚ ਕੀਤੀ ਗਈ ਅਤੇ ਪੰਜਾਹ ਤੋਂ ਵੱਧ ਮਰੀਜ ਅਪਰੇਸ਼ਨ ਯੋਗ ਪਾਏ ਗਏ ਜਿੰਨ੍ਹਾਂ ਦੇ ਅਪਰੇਸ਼ਨ ਮਨਦੀਪ ਆਈ ਹਸਪਤਾਲ ਨਵਾਂਸ਼ਹਿਰ ਵਿਖੇ ਕੀਤੇ ਜਾਣਗੇ।

ਇਸ ਕੈਂਪ ਦੌਰਾਨ ਹੋਰਨਾਂ ਤੋਂ ਇਲਾਵਾ ਦੀਦਾਰ ਸਿੰਘ ਡੀ ਐਸ ਪੀ, ਸੰਤੋਖ ਦਾਸ ਸਰਪੰਚ, ਰਕੇਸ਼ ਕੁਮਾਰ ਪ੍ਰਧਾਨ, ਭੁਪਿੰਦਰ ਸਿੰਘ ਕਲਸੀ, ਉਤਮ ਸਿੰਘ ਸੋਠੀ, ਜਗਦੀਪ ਸਿੰਘ, ਪਰਮਿੰਦਰ ਸਿੰਘ, ਕੁਲਜੀਤ ਸਿੰਘ ਖਾਲਸਾ, ਰਮਣੀਕ ਸਿੰਘ, ਗੁਰਨਾਮ ਸਿੰਘ ਬੈਂਸ, ਇੰਦਰਜੀਤ ਸਿੰਘ ਬਾਹੜਾ, ਦਲਜੀਤ ਸਿੰਘ ਬਡਵਾਲ, ਦਲਜੀਤ ਸਿੰਘ ਸੈਣੀ, ਚਮਨ ਲਾਲ, ਮਦਨ ਲਾਲ, ਪਰਮਜੀਤ ਕੁਮਾਰ, ਹਰਪ੍ਰੀਤ ਸਿੰਘ, ਬਲਦੇਵ ਸਿੰਘ, ਮਨਮੋਹਨ ਸਿੰਘ, ਮਹਿੰਦਰ ਸਿੰਘ, ਨਵਜੀਤ ਸਿੰਘ ਅਤੇ ਗੁਰਦੇਵ ਸਿੰਘ ਦੇ ਪਰਵਾਰਕ ਮੈਂਬਰ ਵੀ ਮੌਜੂਦ ਸਨ।

ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਬੀ ਸੀ ਏ ਸਮੈਸਟਰ ਤੀਜਾ ਦਾ ਨਤੀਜਾ ਰਿਹਾ ਸ਼ਾਨਦਾਰ

ਕਰਤਾਰਪੁਰ (ਹਰਮੇਸ਼ ਦੱਤ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਦਾ ਬੀ.ਸੀ.ਏ. ਸਮੈਸਟਰ ਤੀਜਾ ਦਾ ਰਿਜ਼ਲਟ ਸ਼ਾਨਦਾਰ ਰਿਹਾ। ਇਸ ਵਿਚ ਅਰਸ਼ਪ੍ਰੀਤ ਸਿੰਘ ਨੇ 74%, ਤਾਨੀਆ ਤੇ ਅਰਸ਼ਦੀਪ ਕੌਰ ਨੇ 68% ਅਤੇ ਜੈਸਮੀਨ ਕੌਰ ਨੇ 65% ਨੰਬਰ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਇਸੇ ਮਿਹਨਤ ਅਤੇ ਸਿਰੜ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਤੇਹਿੰਗ ਵਿਖੇ ਗੁਰਮਤਿ ਸਮਾਗਮ ਭਲਕੇ

ਫਿਲੌਰ(ਨਿਰਮਲ)- ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਤੇਹਿੰਗ (ਫਿਲੌਰ) ਵਿਖੇ 29 ਫਰਵਰੀ ਨੂੰ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਪਿੰਡ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।ਭਾਈ ਪਰਮਜੀਤ ਸਿੰਘ ਖਾਲਸਾ ਸ੍ਰੀ ਆਨੰਦਪੁਰ ਸਾਹਿਬ ਵਾਲੇ ਸੰਗਤਾਂ ਨੂੰ ਗੁਰੂ ਸਾਹਿਬਾਨਾਂ ਦੇ ਇਤਿਹਾਸ ਨਾਲ ਜੋੜਨਗੇ ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੂੱਟ ਵਰਤੇਗਾ।

ਪੰਡੋਰੀ ਦੇ ਹਲਕਾ ਇੰਚਾਰਜ ਬਣਨ ਨਾਲ ਪਾਰਟੀ ਸਫ਼ਾਂ ਅੰਦਰ ਨਵਾਂ ਉਭਾਰ

ਜਸਪਾਲ ਸਿੰਘ ਮਿਗਲਾਨੀ, ਜਸਵੀਰ ਜਲਾਲਪੁਰੀ, ਰੂਪ ਲਾਲ ਸ਼ਰਮਾ, ਡਾ. ਵਿਲੀਅਮ ਜੌਨ ਤੇ ਕਾਲੀ ਪ੍ਰਧਾਨ

ਸ਼ਾਹਕੋਟ, (ਗਿਆਨ ਸੈਦਪੁਰੀ)- ਆਮ ਆਦਮੀ ਪਾਰਟੀ ਦੇ ਟਰੇਡ ਅਤੇ ਇੰਟਲੈਕਚੂਅਲ ਵਿੰਗ ਦੇ ਜ਼ਿਲ੍ਹਾ ਆਗੂ ਜਸਪਾਲ ਸਿੰਘ ਮਿਗਲਾਨੀ, ਐੱਸ ਸੀ ਵਿੰਗ ਦੇ ਸੂਬਾਈ ਆਗੂ ਜਸਵੀਰ ਜਲਾਲਪੁਰੀ ਅਤੇ ਸੋਸ਼ਲ ਮੀਡੀਆ ਵਿੰਗ ਸ਼ਾਹਕੋਟ ਦੇ ਇੰਚਾਰਜ ਰੂਪ ਲਾਲ ਸ਼ਰਮਾ ਸਮੇਤ ਵੱਖ-ਵੱਖ ਆਗੂਆਂ ਦਾ ਮੰਨਣਾ ਹੈ ਕਿ ਪ੍ਰਮਿੰਦਰ ਸਿੰਘ ਪਿੰਦਰ ਪੰਡੋਰੀ ਦੇ ਹਲਕਾ ਇੰਚਾਰਜ ਬਣਨ ਨਾਲ ਪਾਰਟੀ ਸਫ਼ਾਂ ਅੰਦਰ ਨਵਾਂ ਉਭਾਰ ਆਇਆ ਹੈ ਤੇ ਕਈ ਨਿਰਾਸ਼ਤਾ ਦੇ ਆਲਮ ਵਿੱਚ ਜਾ ਚੁੱਕੇ 'ਆਪ' ਦੇ ਕਾਰਕੁਨਾਂ ਦੇ ਹੌਸਲੇ ਵੀ ਬੁਲੰਦ ਹੋ ਗਏ ਹਨ।

ਜਸਪਾਲ ਸਿੰਘ ਮਿਗਲਾਨੀ ਨੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਪਿੰਦਰ ਪੰਡੋਰੀ ਪੂਰੇ ਹਲਕੇ ਅੰਦਰ ਨਿਰਵਿਵਾਦ ਆਗੂ ਹੈ। ਉਸ ਦੀ ਛਵੀ ਇੱਕ ਈਮਾਨਦਾਰ ਸ਼ਖਸੀਅਤ ਵਜੋਂ ਬਣੀ ਹੋਈ ਹੈ। ਇਸ ਕਾਰਨ ਪਾਰਟੀ ਸਫ਼ਾਂ ਅੰਦਰ ਨਵਾਂ ਉਭਾਰ ਆਇਆ ਹੈ।

ਇਸੇ ਤਰ੍ਹਾਂ ਜਸਵੀਰ ਜਲਾਲਪੁਰੀ ਨੇ ਕਿਹਾ ਕਿ ਪਿੰਦਰ ਪੰਡੋਰੀ ਜਿੱਥੇ ਕਬੱਡੀ ਦਾ ਵੱਡਾ ਸਟਾਰ ਰਿਹਾ ਹੈ, ਹੁਣ ਉਹ ਸਿਆਸਤ ਵਿੱਚ ਵੀ ਨਵੀਆਂ ਪੈੜਾਂ ਪਾਵੇਗਾ। ਪਿੰਦਰ ਪੰਡੋਰੀ ਦੇ ਹਲਕਾ ਇੰਚਾਰਜ ਬਣਨ ਨਾਲ ਜਿਹੜੇ ਵਰਕਰ ਸ਼ੁਰੂ ਤੋਂ ਹੀ 'ਆਪ' ਲਈ ਰਾਤ-ਦਿਨ ਕੰਮ ਕਰ ਰਹੇ ਸਨ, ਉਹ ਹੁਣ ਹੋਰ ਜ਼ਿਆਦਾ ਸਰਗਰਮ ਹੋ ਗਏ ਹਨ। ਜਲਾਲਪੁਰੀ ਨੇ ਕਿਹਾ ਕਿ ਪਿੰਦਰ ਪੰਡੋਰੀ ਦੇ ਹਲਕਾ ਇੰਚਾਰਜ ਬਣਨ ਨਾਲ ਵਰਕਰਾਂ ਅੰਦਰ ਨਵੀਂ ਰੂਹ ਫੂਕੀ ਗਈ ਹੈ।

ਰੂਪ ਲਾਲ ਸ਼ਰਮਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿੰਦਰ ਪੰਡੋਰੀ ਵਿਰੋਧੀ ਪਾਰਟੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਆਗੂ ਹੈ।

ਉਨ੍ਹਾਂ ਦੇ ਹਲਕਾ ਇੰਚਾਰਜ ਬਣਨ ਨਾਲ ਪਾਰਟੀ ਅੰਦਰ ਧੜੇਬੰਦੀ ਖ਼ਤਮ ਹੋਈ ਹੈ ਤੇ ਹੁਣ ਪਾਰਟੀ ਦੇ ਆਗੂ ਲੋਕਾਂ ਦੇ ਕੰਮਕਾਜ ਲਈ ਵਧੇਰੇ ਸਮਾਂ ਕੱਢ ਕੇ ਲੋਕਾਂ ਦੀਆਂ ਇਛਾਵਾਂ 'ਤੇ ਕਾਰਗਰ ਢੰਗ ਨਾਲ ਖਰੇ ਉਤਰਨ ਲਈ ਕੋਸ਼ਿਸ਼ ਕਰਨਗੇ।

ਇਸੇ ਤਰ੍ਹਾਂ ਆਪ ਦੇ ਸੀਨੀਅਰ ਆਗੂ ਡਾ. ਵਿਲੀਅਮ ਜੌਨ ਅਤੇ ਕਾਲੀ ਪ੍ਰਧਾਨ ਨੇ ਪਿੰਦਰ ਪੰਡੋਰੀ ਦੇ ਹਲਕਾ ਇੰਚਾਰਜ ਬਣਨ ਨੂੰ ਪਾਰਟੀ ਲਈ ਸ਼ੁਭ ਸ਼ਗਨ ਦੱਸਿਆ ਹੈ।

ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਵੱਲੋਂ ਵਿੱਦਿਅਕ ਤੇ ਇਤਿਹਾਸਕ ਯਾਤਰਾ

ਫਗਵਾੜਾ (ਡਾ. ਰਮਨ)- ਬੀਤੇ ਦਿਨੀਂ ਸਥਾਨਕ ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ ਦੀ ਐਨ ਐਸ ਐਸ ਇਕਾਈ ਵੱਲੋਂ ਦਾਸਤਾਨ-ਏ-ਸ਼ਹਾਦਤ, ਚਮਕੌਰ ਸਾਹਿਬ ਦੀ ਵਿੱਦਿਅਕ ਅਤੇ ਇਤਿਹਾਸਕ ਯਾਤਰਾ ਦਾ ਆਯੋਜਨ ਕੀਤਾ। ਇਸ ਦੌਰੇ ਦੌਰਾਨ ਐਨ ਐਸ ਐਸ ਵਾਲੰਟੀਅਰਾਂ ਨੂੰ ਸਿੱਖ ਇਤਿਹਾਸ ਅਤੇ ਖਾਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਗਿਆ ਜਿਨ੍ਹਾਂ ਨੇ ਮੁਗਲਾਂ ਵਿਰੁੱਧ ਖਾਲਸਾ ਪੰਥ ਦੀ ਪਛਾਣ ਅਤੇ ਸਵੈਮਾਣ ਨੂੰ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਨੂੰ ਸਿੱਖ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਗਿਆਰਾਂ ਵੱਖ-ਵੱਖ ਆਡੀਓ ਅਤੇ ਵਿਜ਼ੂਅਲ ਸ਼ੋਅ ਦਿਖਾਏ ਗਏ। ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਤੇ ਸ਼ਹੀਦੀ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਮਿਊਜ਼ੀਅਮ ਦੇ ਨਾਲ-ਨਾਲ ਵਲੰਟੀਅਰਾਂ ਨੇ ਗੁਰਦੁਆਰਾ ਗੜ੍ਹੀ ਸਾਹਿਬ ਅਤੇ ਗੁਰਦੁਆਰਾ ਕਤਲਗੜ੍ਹ ਸਾਹਿਬ ਚਮਕੌਰ ਸਾਹਿਬ ਦੇ ਵੀ ਦਰਸ਼ਨ ਕੀਤੇ। ਇਸ ਯਾਤਰਾ ਵਿੱਚ ਅਧਿਆਪਕਾਂ ਦੇ ਨਾਲ ਲਗਭਗ 45 ਵਿਦਿਆਰਥੀ ਸ਼ਾਮਲ ਸਨ। ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰਾਂ ਮੈਡਮ ਨਿਧੀ ਜੱਸਲ ਅਤੇ ਡਾ. ਲਲਿਤ ਕੁਮਾਰ, ਕਮਲ ਕੌਸ਼ਲ ਅਤੇ ਇੰਦਰਪ੍ਰੀਤ ਕੌਰ ਵੱਲੋਂ ਇਸ ਯਾਤਰਾ ਦੇ ਸਫਲਤਾਪੂਰਵਕ ਆਯੋਜਨ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ।

ਜਮਹੂਰੀ ਜਥੇਬੰਦੀਆਂ ਨੇ 295ਏ ਤੇ ਝੂਠੇ ਕੇਸਾਂ ਨੂੰ ਰੱਦ ਕਰਾਉਣ ਲਈ ਕਨਵੈਨਸ਼ਨ ਕਰਕੇ ਕੀਤਾ ਮੁਜ਼ਾਹਰਾ

ਜਲੰਧਰ (ਕੇਸਰ) ਸਥਾਨਕ ਦੇਸ਼ਭਗਤ ਯਾਦਗਾਰ ਹਾਲ ਵਿਖੇ 295ਏ ਅਤੇ ਹੋਰ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਮੇਟੀ ਦੇ ਸੱਦੇ 'ਤੇ ਪੰਜਾਬ ਦੀਆਂ ਜਮਹੂਰੀ, ਤਰਕਸ਼ੀਲ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਕਲਾਕਾਰਾਂ, ਲੇਖਕਾਂ ਦੀਆਂ ਤਿੰਨ ਦਰਜਨ ਜਥੇਬੰਦੀਆਂ, ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ), ਪਲਸ ਮੰਚ, ਡੈਮੋਕਰੇਟਿਕ ਲਾਇਰਜ਼ ਐਸੋਸੀਏਸ਼ਨ, ਬੀ.ਕੇ.ਯੂ. (ਡਕੌਂਦਾ-ਧਨੇਰ), ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕਾਰਖ਼ਾਨਾ ਮਜ਼ਦੂਰ ਯੂਨੀਅਨ, ਟੈਕਸਟਾਈਲ ਹੌਜ਼ਰੀ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ, ਪੀਐਸਯੂ (ਲਲਕਾਰ), ਪੰਜਾਬ ਕਿਸਾਨ ਯੂਨੀਅਨ, ਡੈਮੋਕਰੇਟਿਕ ਟੀਚਰਜ਼ ਫਰੰਟ, ਆਰਸੀਐੱਫ ਇੰਪਲਾਈਜ਼ ਯੂਨੀਅਨ (ਰੇਲਕੋਚ ਫੈਕਟਰੀ ਕਪੂਰਥਲਾ), ਪੰਜਾਬ ਖੇਤ ਮਜ਼ਦੂਰ ਯੂਨੀਅਨ, , ਬੀਕੇਯੂ (ਕ੍ਰਾਂਤੀਕਾਰੀ), ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ), ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ,ਇਨਕਲਾਬੀ ਮਜ਼ਦੂਰ ਕੇਂਦਰ,ਤਰਕਸ਼ੀਲ ਸੁਸਾਇਟੀ ਕੈਨੇਡਾ, ਰੈਡੀਕਲ ਪੀਪਲਜ਼ ਫੋਰਮ, ਏਕਟੂ, ਜਮਹੂਰੀ ਅਧਿਕਾਰ ਸਭਾ (ਹਰਿਆਣਾ), ਸ਼ਹੀਦ ਭਗਤ ਸਿੰਘ ਵਿਚਾਰ ਮੰਚ (ਲੁਧਿਆਣਾ), ਵਲੋਂ ਸਾਂਝੀ ਕਨਵੈਨਸ਼ਨ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਬੁਲਾਰਿਆਂ ਪ੍ਰੋਫੈਸਰ ਜਗਮੋਹਣ ਸਿੰਘ, ਰਾਜਿੰਦਰ ਭਦੌੜ, ਅਮੋਲਕ ਸਿੰਘ, ਡਾ.ਪਰਮਿੰਦਰ ਸਿੰਘ, ਪ੍ਰਿਤਪਾਲ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਮਾਨਵ, ਅਮਰੀਕ ਸਿੰਘ, ਸੁਰਿੰਦਰ ਸਿੰਘ, ਐਡਵੋਕੇਟ ਦਲਜੀਤ ਸਿੰਘ, ਹਰਮੇਸ਼ ਮਾਲੜੀ, ਅੰਗਰੇਜ਼ ਸਿੰਘ, ਸੁਖਪਾਲਸਿੰਘ ਖਿਆਲੀਵਾਲਾ, ਸੁਖਦਰਸ਼ਨ ਨੱਤ, ਅਸ਼ੋਕ ਭਾਰਤੀ, ਬਲਵੀਰ ਲੌਂਗੋਵਾਲ, ਰਾਮ ਸਵਰਨ ਆਜ਼ਾਦ, ਸੁਖਦੇਵ ਭੂੰਦੜੀ, ਸੁਰਿੰਦਰਪ੍ਰੀਤ ਘਣੀਆਂ, ਧੰਨਾਮਲ ਗੋਇਲ, ਧਰਮਪਾਲ, ਗੁਰਮੀਤ ਜੱਜ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਰਾਮਮੰਦਰ ਦੇ ਉਦਘਾਟਨ ਦੇ ਸਮੇਂ ਮਹਿਜ਼ ਆਲੋਚਨਾ ਕਰਦੀਆਂ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ 295ਏ/295 ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਪਰਚੇ ਦਰਜ ਕਰਨੇ ਅਤੇ ਬਿਨਾਂ ਜਾਂਚ ਗ੍ਰਿਫ਼ਤਾਰੀਆਂ ਕਰਨਾ ਨਾ ਸਿਰਫ਼ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਾ ਹੈ ਸਗੋਂ ਇਹ ਫਿਰਕਾਪ੍ਰਸਤ ਤਾਕਤਾਂ ਦੇ ਦਬਾਅ ਹੇਠ ਆ ਕੇ ਅਤੇ ਗਿਫ਼ਤਾਰੀ ਸੰਬੰਧੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਉਲੰਘਣਾ ਕਰਕੇ ਪੁਲਸ ਵੱਲੋਂ ਕੀਤੀ ਕਾਰਵਾਈ ਵੀ ਹੈ। ਬੁਲਾਰਿਆਂ ਨੇ ਕਿਹਾ ਕਿ ਕੱਟੜ ਅਤੇ ਸੌੜੀ ਸੋਚ ਵਾਲੀਆਂ ਤਾਕਤਾਂ ਉਸਾਰੂ ਆਲੋਚਨਾ ਉੱਪਰ ਸੰਵਾਦ ਰਚਾਉਣ ਦੀ ਬਜਾਏ ਮਾਮੂਲੀ ਸਵਾਲਾਂ ਨੂੰ ਆਧਾਰ ਬਣਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਮੁੱਦੇ ਖੜ੍ਹੇ ਕਰ ਰਹੀਆਂ ਹਨ ਅਤੇ ਕੇਸ ਦਰਜ ਕਰਵਾ ਰਹੀਆਂ ਹਨ। ਕਨਵੈਨਸ਼ਨ ਉਪਰੰਤ ਸ਼ਹਿਰ ਵਿਚ ਮੁਜ਼ਾਹਰੇ ਕਰਕੇ ਡਿਪਟੀ ਕਮਿਸ਼ਨਰ ਅਤੇ ਐੱਸ ਡੀ ਐੱਮ ਦੀ ਰ੍ਹੀਹਾਜ਼ਗੀ 'ਚ ਰੋਸ ਵਜੋਂ ਤਹਿਸੀਲ ਜਲੰਧਰ ਰਾਹੀਂ 'ਆਪ ਦੀ ਸਰਕਾਰ, ਆਪ ਦੇ ਦੁਆਰ' ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ-ਪੱਤਰ ਦਿੱਤਾ ਗਿਆ। ਇਸ ਮੌਕੇ ਸੁਰਿੰਦਰ ਕੁਮਾਰੀ ਕੁਮਾਰੀ ਕੋਛੜ, ਕੇਸਰ, ਜਸਵਿੰਦਰ ਫਗਵਾੜਾ, ਸੁਖਦੇਵ ਫਗਵਾੜਾ, ਬਲਦੇਵ ਰਹਿਪਾ ਅਤੇ ਹੋਰ ਬਹੁਤ ਸਾਰੀਆਂ ਜਮਹੂਰੀ ਤੇ ਅਗਾਂਹਵਧੂ ਸ਼ਖ਼ਸੀਅਤਾਂ ਹਾਜ਼ਰ ਸਨ। ਕਨਵੈਨਸ਼ਨ ਵਿਚ ਆਦਿ ਜਥੇਬੰਦੀਆਂ ਨੇ ਹਿੱਸਾ ਲਿਆ।

ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ) ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਮਾਣਕਰਾਏ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਬੀਤੀ 18 ਫਰਵਰੀ ਨੂੰ ਨਗਰ ਕੀਰਤਨ ਸਜਾਇਆ ਗਿਆ।ਧਰਮਸ਼ਾਲਾ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵੀਦਾਸ ਧਰਮਸ਼ਾਲਾ ਪਿੰਡ ਮਾਣਕਰਾਏ ਤੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਤਰਨ ਆਰੰਭ ਹੋਇ